Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition
Vol : 4 : # ਅੰਕ 227 22/01/2026 www.samajweekly.com samajweekly @samajweekly samajweekly

# ਗ੍ਰੀਨਲੈਂਡ ਨੂੰ ਪ੍ਰਾਪਤ ਕਰਨ ਲਈ ਤਾਕਤ ਦੀ ਵਰਤੋਂ ਨਹੀਂ ਕਰਾਂਗਾ : ਟਰੰਪ

**ਦਾਵੋਸ (ਸਵਿਟਜ਼ਰਲੈਂਡ) :** ਰਾਸ਼ਟਰਪਤੀ ਡੋਨਾਲਡ ਟਰੰਪ ਨੇ ਜ਼ੋਰ ਦੇ ਕੇ ਕਿਹਾ ਕਿ ਉਹ 'ਗ੍ਰੀਨਲੈਂਡ ਨੂੰ ਪ੍ਰਾਪਤ ਕਰਨਾ ਚਾਹੁੰਦੇ ਹਨ, ਜਿਸ ਵਿਚ ਪੂਰੀ ਮਲਕੀਅਤ ਸ਼ਾਮਲ ਹੈ', ਪਰ ਉਨ੍ਹਾਂ ਨੇ ਕਿਹਾ ਕਿ ਉਹ ਇਸ ਨੂੰ ਪ੍ਰਾਪਤ ਕਰਨ ਲਈ ਤਾਕਤ ਦੀ ਵਰਤੋਂ ਨਹੀਂ ਕਰਨਗੇ। ਉਨ੍ਹਾਂ ਇਹ ਵੀ ਜ਼ੋਰ ਦੇ ਕੇ ਕਿਹਾ ਕਿ ਸਿਰਫ਼ ਅਮਰੀਕਾ ਹੀ ਖਣਿਜ ਪਦਾਰਥਾਂ ਨਾਲ ਭਰਪੂਰ ਇਸ ਟਾਪੂ ਦੀ ਸੁਰੱਖਿਆ ਕਰ ਸਕਦਾ ਹੈ। ਹਾਲਾਂਕਿ ਟਰੰਪ ਨੇ ਇਹ ਵੀ ਕਿਹਾ ਕਿ ਅਮਰੀਕਾ ਨੂੰ ਗ੍ਰੀਨਲੈਂਡ ਦੀ ਰਣਨੀਤਕ ਕਾਰਨਾਂ ਕਰ ਕੇ ਜ਼ਰੂਰਤ ਹੈ, ਕਿਉਂਕਿ ਇਹ ਅਮਰੀਕਾ, ਚੀਨ ਅਤੇ ਰੂਸ ਦੇ ਵਿਚਕਾਰ ਹੈ, ਨਾ ਕਿ ਬਰਫ ਦੇ ਹੇਠਾਂ ਦੱਬੇ ਹੋਏ ਦੁਰਲੱਭ ਧਰਤੀ ਦੇ ਖਣਿਜਾਂ ਦੀ ਵੱਡੀ ਮਾਤਰਾ ਲਈ। ਉਨ੍ਹਾਂ ਕਿਹਾ ਕਿ ਗ੍ਰੀਨਲੈਂਡ ਜ਼ਮੀਨ ਨਹੀਂ ਬਲਕਿ ਬਰਫ ਦਾ ਇਕ ਵੱਡਾ ਟੁਕੜਾ ਹੈ। ਬੁਧਵਾਰ ਨੂੰ ਵਿਸ਼ਵ ਆਰਥਕ ਮੰਚ ਉਤੇ ਟਰੰਪ ਨੇ ਅਪਣੇ ਭਾਸ਼ਣ ਦੀ ਵਰਤੋਂ ਯੂਰਪੀਅਨ ਸਹਿਯੋਗੀਆਂ ਦਾ ਵਾਰ-ਵਾਰ ਮਜ਼ਾਕ ਉਡਾਉਣ ਅਤੇ ਧਮਕੀ ਦੇਣ ਲਈ ਕੀਤੀ ਕਿ ਨਾਟੋ ਨੂੰ ਅਮਰੀਕੀ ਵਿਸਤਾਰਵਾਦ ਦੇ ਰਾਹ ਵਿਚ ਖੜਾ ਨਹੀਂ ਹੋਣਾ ਚਾਹੀਦਾ। ਉਨ੍ਹਾਂ ਨੇ ਨਾਟੋ ਨੂੰ ਅਪੀਲ ਕੀਤੀ ਕਿ ਉਹ ਅਮਰੀਕਾ ਨੂੰ ਡੈਨਮਾਰਕ ਤੋਂ ਗ੍ਰੀਨਲੈਂਡ ਲੈਣ ਦੀ ਇਜਾਜ਼ਤ ਦੇਵੇ। ਇਕ ਅਸਾਧਾਰਣ ਚੇਤਾਵਨੀ ਦਿੰਦਿਆਂ ਉਨ੍ਹਾਂ ਕਿਹਾ ਕਿ ਨਾਟੋ ਦੇ ਮੈਂਬਰ ਹਾਂ ਕਹਿ ਸਕਦੇ ਹਨ, 'ਅਤੇ ਅਸੀਂ ਬਹੁਤ ਪ੍ਰਸੰਸਾ ਕਰਾਂਗੇ। ਜਾਂ ਤੁਸੀਂ ਨਾਂਹ ਕਹਿ ਸਕਦੇ ਹੋ,ਅਤੇ ਅਸੀਂ ਯਾਦ ਰੱਖਾਂਗੇ।' ਟਰੰਪ ਨੇ ਕਿਹਾ, ''ਇਹ ਵਿਸ਼ਾਲ ਅਸੁਰੱਖਿਅਤ ਟਾਪੂ ਅਸਲ ਵਿਚ ਉੱਤਰੀ ਅਮਰੀਕਾ ਦਾ ਹਿੱਸਾ ਹੈ। ਇਹ ਸਾਡਾ ਖੇਤਰ ਹੈ।''



ਟਰੰਪ ਨੇ ਇਹ ਵੀ ਕਿਹਾ ਕਿ ਅਮਰੀਕਾ ਤੇਜ਼ੀ ਨਾਲ ਵਧ ਰਿਹਾ ਹੈ ਪਰ ਯੂਰਪ 'ਸਹੀ ਦਿਸ਼ਾ ਵਲ ਨਹੀਂ ਜਾ ਰਿਹਾ।' ਨਾਟੋ ਸਹਿਯੋਗੀ ਡੈਨਮਾਰਕ ਤੋਂ ਗ੍ਰੀਨਲੈਂਡ ਦਾ ਨਿਯੰਤਰਣ ਖੋਹਣ ਦੀਆਂ ਉਸ ਦੀਆਂ ਇੱਛਾਵਾਂ ਵਾਸ਼ਿੰਗਟਨ ਦੇ ਬਹੁਤ ਸਾਰੇ ਨਜ਼ਦੀਕੀ ਸਹਿਯੋਗੀਆਂ ਨਾਲ ਸਬੰਧਾਂ ਨੂੰ ਤੋੜਨ ਦੀ ਧਮਕੀ ਦਿੰਦੀਆਂ ਹਨ।ਅਪਣੇ ਸੰਬੋਧਨ ਵਿਚ ਉਨ੍ਹਾਂ ਨੇ ਡੈਨਮਾਰਕ ਤੋਂ ਗ੍ਰੀਨਲੈਂਡ ਪ੍ਰਾਪਤ ਕਰਨ ਲਈ ਅਮਰੀਕਾ ਨੂੰ 'ਤੁਰਤ ਗੱਲਬਾਤ' ਦੀ ਮੰਗ ਕੀਤੀ, ਦੂਜੇ ਵਿਸ਼ਵ ਜੰਗ ਦੌਰਾਨ ਆਰਕਟਿਕ ਟਾਪੂ ਦੀ ਅਮਰੀਕਾ ਵਲੋਂ ਸੁਰੱਖਿਆ ਲਈ 'ਅਕ੍ਰਿਤਘਣ' ਹੋਣ ਲਈ ਸਕੈਨਡੇਨੇਵੀਅਨ ਦੇਸ਼ ਦੀ ਨਿੰਦਾ ਕੀਤੀ, ਅਤੇ ਅਪਣਾ ਦਾਅਵਾ ਜਾਰੀ ਰੱਖਿਆ ਕਿ ਅਮਰੀਕਾ ਦੀ ਕੌਮੀ ਸੁਰੱਖਿਆ ਲਈ ਟਾਪੂ ਨੂੰ ਨਿਯੰਤਰਿਤ ਕਰਨ ਦੀ ਜ਼ਰੂਰਤ ਹੈ। ਟਰੰਪ ਨੇ ਦਾਅਵਾ ਕੀਤਾ ਕਿ 'ਸਾਡੇ ਬਿਨਾਂ, ਜ਼ਿਆਦਾਤਰ ਦੇਸ਼ ਕੰਮ ਵੀ ਨਹੀਂ ਕਰਦੇ'।

## NASA ਦੀ ਭਾਰਤੀ ਮੂਲ ਦੀ ਪੁਲਾੜ ਯਾਤਰੀ ਸੁਨੀਤਾ ਵਿਲੀਅਮਜ਼ ਹੋਏ ਸੇਵਾਮੁਕਤ



**ਨਵੀਂ ਦਿੱਲੀ।** ਨਾਸਾ ਦੀ ਭਾਰਤੀ ਮੂਲ ਦੀ ਪੁਲਾੜ ਯਾਤਰੀ ਸੁਨੀਤਾ ਵਿਲੀਅਮਜ਼ ਏਜੰਸੀ ਤੋਂ ਸੇਵਾਮੁਕਤ ਹੋ ਗਏ ਹਨ। ਸੁਨੀਤਾ ਨੇ 27 ਸਾਲ ਦੇ ਅਪਣੇ ਸ਼ਾਨਦਾਰ ਕਰੀਅਰ ਦੌਰਾਨ ਕੌਮਾਂਤਰੀ ਪੁਲਾੜ ਸਟੇਸ਼ਨ ਉਤੇ ਤਿੰਨ ਮਿਸ਼ਨ ਪੂਰੇ ਕੀਤੇ ਅਤੇ ਮਨੁੱਖੀ ਪੁਲਾੜ ਉਡਾਨ ਦੇ ਕਈ ਰੀਕਾਰਡ ਵੀ ਬਣਾਏ।

ਵਿਲੀਅਮਜ਼ (60) ਇਸ ਸਮੇਂ ਭਾਰਤ ਦੇ ਦੌਰੇ 'ਤੇ ਹਨ। ਉਨ੍ਹਾਂ ਨੇ ਮੰਗਲਵਾਰ ਦੁਪਹਿਰ ਨੂੰ ਇਥੇ ਅਮਰੀਕੀ ਕੇਂਦਰ 'ਚ ਕਰਵਾਏ ਇਕ ਸੰਵਾਦ ਸੈਸ਼ਨ 'ਚ ਹਿੱਸਾ ਲਿਆ ਸੀ। ਇਸ ਪ੍ਰੋਗਰਾਮ ਵਾਲੀ ਥਾਂ ਉਤੇ 'ਨਜ਼ਰ ਸਿਤਾਰਿਆਂ ਉਤੇ, ਪੈਰ ਜ਼ਮੀਨ 'ਤੇ' ਸਿਰਲੇਖ ਵਾਲੇ ਪੋਸਟਰ ਲਗਾਏ ਗਏ ਸਨ ਜਿਨ੍ਹਾਂ 'ਚ ਵਿਲੀਅਮਜ਼ ਨੂੰ 'ਨਾਸਾ ਦੀ ਸੇਵਾਮੁਕਤ ਪੁਲਾੜ ਯਾਤਰੀ ਅਤੇ ਅਮਰੀਕੀ ਸਮੁੰਦਰੀ ਫ਼ੌਜ ਦੀ ਸੇਵਾਮੁਕਤ ਕਪਤਾਨ' ਦੇ ਰੂਪ 'ਚ ਦਸਿਆ ਗਿਆ ਸੀ।

ਉਨ੍ਹਾਂ ਸੰਵਾਦ ਦੌਰਾਨ ਉਸ ਸਮੇਂ ਦੇ ਅਪਣੇ ਤਜਰਬੇ ਨੂੰ ਵੀ ਸਾਂਝਾ ਕੀਤਾ ਜਦੋਂ ਉਹ ਪੁਲਾੜ 'ਚ ਫਸ ਗਏ ਸਨ। ਕੌਮਾਂਤਰੀ ਪੁਲਾੜ ਸਟੇਸ਼ਨ (ਆਈ.ਐਸ.ਐਸ.) ਲਈ ਅੱਠ ਦਿਨਾਂ ਦੇ ਮਿਸ਼ਨ ਵਿਲੀਅਮਜ਼ ਦੇ ਜੀਵਨ ਦੀ ਸਭ ਤੋਂ ਵੱਡੀ ਚੁਨੌਤੀ ਬਣ ਗਿਆ ਸੀ ਕਿਉਂਕਿ ਉਨ੍ਹਾਂ ਦੀ ਬੋਇੰਗ ਪੁਲਾੜ ਉਡਾਨ 'ਚ ਸਮੱਸਿਆਵਾਂ ਪੈਦਾ ਹੋ ਗਈਆਂ ਸਨ। ਇਸ ਕਾਰਨ ਪੁਲਾੜ 'ਚ ਉਸ ਦਾ ਪ੍ਰਵਾਸ 9 ਮਹੀਨੇ ਤੋਂ ਵੀ ਲੰਮਾ ਖਿੱਚ ਗਿਆ ਸੀ।ਅਮਰੀਕੀ ਪੁਲਾੜ ਏਜੰਸੀ ਨਾਸਾ ਨੇ 20 ਜਨਵਰੀ ਤੋਂ ਜਾਰੀ ਬਿਆਨ 'ਚ ਕਿਹਾ, ''27 ਸਾਲ ਦੀ ਸੇਵਾ ਤੋਂ ਬਾਅਦ ਨਾਸਾ ਦੀ ਪੁਲਾੜ ਯਾਤਰੀ ਸੁਨੀਤਾ ਵਿਲੀਅਮਜ਼ ਏਜੰਸੀ ਤੋਂ ਸੇਵਾਮੁਕਤ ਹੋ ਗਏ ਅਤੇ ਉਨ੍ਹਾਂ ਦੀ ਸੇਵਾਮੁਕਤ 27 ਦਸੰਬਰ, 2025 ਤੋਂ ਅਮਲ 'ਚ ਆ ਗਈ। ਵਿਲੀਅਮਜ਼ ਨੇ ਕੌਮਾਂਤਰੀ ਪੁਲਾੜ ਸਟ੍ਰੇਸਨ 'ਤੇ ਤਿੰਨ ਮਿਸ਼ਨ ਪੂਰੇ ਕੀਤੇ ਅਤੇ ਅਪਣੇ ਕਰੀਅਰ ਦੌਰਾਨ ਮਨੁੱਖੀ ਪੁਲਾੜ ਉਡਾਨ ਦੇ ਕਈ ਰੀਕਾਰਡ ਬਣਾਏ।''

## ਸੁਖਨਾ ਝੀਲ ਨੂੰ ਹੋਰ ਕਿੰਨਾ ਸੁਕਾਓਗੇ: ਚੀਫ ਜਸਟਿਸ

**ਨਵੀਂ ਦਿੱਲੀ।** ਬਿਲਡਰ ਮਾਫੀਆ ਅਤੇ ਅਫਸਰਾਂ ਵਿਚਾ-ਲੇ ਗੰਢ-ਤੁੱਪ ਕਾਰਨ ਚੰਡੀਗੜ੍ਹ ਦੀ ਪਛਾਣ ਵਜੋਂ ਜਾਣੀ ਜਾਂਦੀ ਸੁਖਨਾ ਝੀਲ ਦੇ ਸੁੰਗੜਦੇ ਆਕਾਰ 'ਤੇ ਚਿੰਤਾ ਜ਼ਾਹਿਰ ਕਰਦਿਆਂ ਸੁਪਰੀਮ ਕੋਰਟ ਦੇ ਚੀਫ ਜਸਟਿਸ ਸੂਰਿਆਕਾਂਤ ਨੇ ਤਿੱਖੀ ਟਿੱਪਣੀ ਕੀਤੀ ਅਤੇ ਪੁੱਛਿਆ ਕਿ 'ਸੁਖਨਾ ਝੀਲ ਨੂੰ ਹੋਰ ਕਿੰਨਾ ਸੁਕਾਇਆ ਜਾਵੇਗਾ?' ਚੀਫ ਜਸਟਿਸ ਸੂਰਿਆਕਾਂਤ, ਜਸਟਿਸ ਜੁਆਇਮਾਲਿਆ ਬਾਗਚੀ ਅਤੇ ਜਸਟਿਸ ਵਿਪੁਲ ਐੱਮ ਪੰਚੋਲੀ ਦਾ ਬੈਂਚ 1995 'ਚ ਬਕਾਇਆ ਜਨਹਿੱਤ ਪਟੀਸ਼ਨ 'ਇਨ ਰੀ: ਟੀ ਐੱਨ ਗੋਦਾਵਰਮਨ ਥਿਰੂਮੁਲਪਾਦ' 'ਚ ਦਾਖ਼ਲ ਅੰਤਰਿਮ ਅਰਜ਼ੀਆਂ ਦੀ ਸੁਣਵਾਈ ਕਰ ਰਿਹਾ ਸੀ।



ਚੀਫ ਜਸਟਿਸ ਸੂਰਿਆਕਾਂਤ ਨੇ ਇਕ ਵਕੀਲ ਵੱਲੋਂ ਝੀਲ ਨਾਲ ਸਬੰਧਤ ਅਰਜ਼ੀ ਦਾ ਜ਼ਿਕਰ ਕਰਨ 'ਤੇ ਟਿੱਪਣੀ ਕੀਤੀ, ''ਹੋਰ ਕਿੰਨਾ ਸੁਕਾਓਗੇ ਸੁਖਨਾ ਝੀਲ ਨੂੰ? ਪੰਜਾਬ 'ਚ ਸਿਆਸੀ ਪਾਰਟੀਆਂ ਦੀ ਹਮਾਇਤ ਅਤੇ ਅਫਸਰਾਂ ਦੀ ਮਿਲੀਭੁਗਤ ਨਾਲ ਗ਼ੈਰ-ਕਾਨੂੰਨੀ ਉਸਾਰੀਆਂ ਹੋ ਰਹੀਆਂ ਹਨ ਜਿਸ ਦੇ ਸਿੱਟੇ ਵਜੋਂ ਝੀਲ ਪੂਰੀ ਤਰ੍ਹਾਂ ਤਬਾਹ ਹੋ ਰਹੀ ਹੈ। ਉਥੇ ਸਾਰੇ ਬਿਲਡਰ ਮਾਫੀਏ ਸਰਗਰਮ ਹਨ।'' ਇਸ ਤੋਂ ਪਹਿਲਾਂ ਅਦਾਲਤ ਨੇ ਹੈਰਾਨੀ ਜਤਾਈ ਸੀ ਕਿ ਜੰਗਲਾਂ ਅਤੇ ਝੀਲਾਂ ਨਾਲ ਸਬੰਧਤ ਸਾਰੇ ਮਾਮਲੇ ਹਾਈ ਕੋਰਟਾਂ ਨੂੰ ਦਰਕਿਨਾਰ ਕਰਦਿਆਂ ਸੁਪਰੀਮ ਕੋਰਟ 'ਚ ਕਿਉਂ ਆ ਰਹੇ ਹਨ, ਉਹ ਵੀ 1995 ਦੀ ਬਕਾਇਆ ਜਨਹਿੱਤ ਪਟੀਸ਼ਨ 'ਚ ਅੰਤਰਿਮ ਅਰਜ਼ੀਆਂ ਵਜੋਂ ਦਾਖਲ ਕੀਤੇ ਜਾ ਰਹੇ ਹਨ। ਬੈਂਚ ਨੇ ਸੁਣਵਾਈ ਦੇ ਸ਼ੁਰੂ 'ਚ ਹੈਰਾਨੀ ਜਤਾਈ ਕਿ ਜੰਗਲਾਤ ਸਬੰਧੀ ਸਾਰੇ ਕੇਸ ਇਸੇ ਅਦਾਲਤ 'ਚ ਕਿਉਂ ਆ ਰਹੇ ਹਨ। ਚੀਫ ਜਸਟਿਸ ਨੇ ਸੁਖਨਾ ਝੀਲ ਮਾਮਲੇ ਨਾਲ ਸਬੰਧਤ ਅਰਜ਼ੀ ਦਾ ਜ਼ਿਕਰ ਕਰਦਿਆਂ ਕਿਹਾ ਸੀ ਕਿ ਇੰਝ ਪ੍ਰਤੀਤ ਹੁੰਦਾ ਹੈ ਕਿ ਕੁਝ ਨਿੱਜੀ ਡਿਵੈਲਪਰਾਂ ਅਤੇ ਹੋਰ ਲੋਕਾਂ ਦੇ ਇਸ਼ਾਰੇ 'ਤੇ ਦੋਸਤਾਨਾ ਮੁਕਾਬਲਾ ਚੱਲ ਰਿਹਾ ਹੈ। ਬੈਂਚ ਨੇ ਕੇਂਦਰ ਵੱਲੋਂ ਪੇਸ਼ ਹੋਏ ਵਧੀਕ ਸੌਲੀਸਿਟਰ ਜਨਰਲ ਐਸ਼ਵਰਿਆ ਭਾਟੀ ਅਤੇ ਜੰਗਲਾਤ ਮਾਮਲੇ 'ਚ ਅਦਾਲਤੀ ਮਿੱਤਰ ਦੀ ਭੂਮਿਕਾ ਨਿਭਾ ਰਹੇ ਸੀਨੀਅਰ ਵਕੀਲ ਕੇ ਪਰਮੇਸ਼ਵਰ ਨੂੰ ਉਨ੍ਹਾਂ ਸਥਾਨਕ ਮੁੱਦਿਆਂ ਬਾਰੇ ਜਾਣਕਾਰੀ ਦੇਣ ਲਈ ਕਿਹਾ ਸੀ ਜਿਨ੍ਹਾਂ ਨੂੰ ਹਾਈ ਕੋਰਟ ਖੁਦ ਸਿੱਝ ਸਕਦੇ ਹਨ।

# ਲਿਵ-ਇਨ ਰਿਲੇਸ਼ਨਸ਼ਿਪ 'ਚ ਵੀ ਔਰਤਾਂ ਨੂੰ ਮਿਲਣਾ ਚਾਹੀਦੈ ਪਤਨੀ ਦਾ ਦਰਜਾ : ਹਾਈ ਕੋਰਟ

**ਨਵੀਂ ਦਿਲੀ।** ਮਦਰਾਸ ਹਾਈ ਕੋਰਟ ਦੇ ਮਦੁਰਾਈ ਬੈਂਚ ਨੇ ਲਿਵ-ਇਨ ਰਿਲੇਸ਼ਨਸ਼ਿਪ ਵਿੱਚ ਔਰਤਾਂ ਦੀ ਸੁਰੱਖਿਆ ਦੇ ਸੰਬੰਧ ਵਿੱਚ ਇੱਕ ਮਹੱਤਵਪੂਰਨ ਟਿੱਪਣੀ ਕੀਤੀ ਹੈ। ਅਦਾਲਤ ਨੇ ਕਿਹਾ ਕਿ, ਔਰਤਾਂ ਦੀ ਸੁਰੱਖਿਆ ਲਈ, ਲਿਵ-ਇਨ ਰਿਲੇਸ਼ਨਸ਼ਿਪ ਵਿੱਚ ਔਰਤਾਂ ਨੂੰ "ਗੰਧਰਵ ਵਿਆਹ" ਦੀ ਪ੍ਰਾਚੀਨ ਧਾਰਨਾ ਦੇ ਤਹਿਤ "ਪਤਨੀ" ਦਾ ਦਰਜਾ ਦਿੱਤਾ ਜਾਣਾ ਚਾਹੀਦਾ ਹੈ। ਜਸਟਿਸ ਐਸ. ਸ਼੍ਰੀਮਤੀ ਨੇ ਇਹ ਬਿਆਨ ਤਾਮਿਲਨਾਡੂ ਦੇ ਤਿਰੂਚਿਰਾਪੱਲੀ ਜ਼ਿਲ੍ਹੇ ਦੇ ਮਨੱਪਾਰਾਈ ਆਲ ਵੂਮੈਨ ਪੁਲਿਸ ਸਟੇਸ਼ਨ ਵਿੱਚ ਦਰਜ ਇੱਕ ਮਾਮਲੇ ਵਿੱਚ ਦੋਸ਼ੀ ਇੱਕ ਵਿਅਕਤੀ ਦੀ ਅਗਾਊਂ ਜ਼ਮਾਨਤ ਪਟੀਸ਼ਨ ਨੂੰ ਰੱਦ ਕਰਦੇ ਹੋਏ ਦਿੱਤਾ। ਸਮਾਚਾਰ ਏਜੰਸੀ ਏਐਨਆਈ ਦੇ ਅਨੁਸਾਰ, ਦੋਸ਼ੀ 'ਤੇ ਔਰਤ ਨਾਲ ਵਿਆਹ ਦਾ ਝੂਠਾ ਵਾਅਦਾ ਕਰਨ ਤੋਂ ਬਾਅਦ ਸਰੀਰਕ ਸਬੰਧ ਬਣਾਉਣ ਦਾ ਦੋਸ਼ ਹੈ। ਅਦਾਲਤ ਨੇ ਕਿਹਾ ਕਿ ਮੌਜੂਦਾ ਸਮਾਜਿਕ ਢਾਂਚੇ ਵਿੱਚ, ਇਹ ਅਦਾਲਤਾਂ ਦੀ ਜ਼ਿੰਮੇਵਾਰੀ ਹੈ ਕਿ ਉਹ ਕਮਜ਼ੋਰ ਔਰਤਾਂ ਦੀ ਰੱਖਿਆ ਕਰੇ, ਕਿਉਂਕਿ ਲਿਵ-ਇਨ ਰਿਲੇਸ਼ਨਸ਼ਿਪ ਵਿੱਚ ਔਰਤਾਂ ਨੂੰ ਉਹ ਕਾਨੂੰਨੀ ਸੁਰੱਖਿਆ ਦੀ ਘਾਟ ਹੁੰਦੀ ਹੈ ਜੋ ਵਿਆਹ ਤੋਂ ਬਾਅਦ ਪਤਨੀ ਨੂੰ ਮਿਲਦੀ ਹੈ। ਜਸਟਿਸ ਸ਼੍ਰੀਮਤੀ ਨੇ ਕਿਹਾ, "ਲਿਵ-ਇਨ ਰਿਲੇਸ਼ਨਸ਼ਿਪ ਵਿੱਚ ਔਰਤਾਂ ਨੂੰ ਗੰਧਰਵ ਵਿਆਹ ਜਾਂ ਪ੍ਰੇਮ ਵਿਆਹ ਦੇ ਤਹਿਤ ਪਤਨੀ ਦਾ ਦਰਜਾ ਦਿੱਤਾ ਜਾਣਾ ਚਾਹੀਦਾ ਹੈ, ਤਾਂ ਜੋ ਉਹ ਪਤਨੀ ਦੇ ਅਧਿਕਾਰਾਂ ਦਾ ਆਨੰਦ ਮਾਣ ਸਕਣ ਭਾਵੇਂ ਉਨ੍ਹਾਂ ਦੇ ਰਿਸ਼ਤੇ ਵਿੱਚ ਉਤਰਾਅ-ਚੜ੍ਹਾਅ ਹੋਵੇ।" ਦਰਅਸਲ ਦੋਸ਼ੀ ਆਦਮੀ ਇੱਕ ਔਰਤ ਨਾਲ ਲਿਵ-ਇਨ ਰਿਲੇਸ਼ਨਸ਼ਿਪ ਵਿੱਚ ਸੀ। ਇਸਤਗਾਸਾ ਪੱਖ ਦਾ ਦੋਸ਼ ਹੈ ਕਿ ਉਸਨੇ ਵਿਆਹ ਦੇ ਵਾਅਦੇ ਹੇਠ ਉਸ ਨਾਲ ਕਈ ਵਾਰ ਸਰੀਰਕ ਸਬੰਧ ਬਣਾਏ ਪਰ ਬਾਅਦ ਵਿੱਚ ਆਪਣੇ ਵਾਅਦੇ ਤੋਂ ਮੁੱਕਰ ਗਿਆ।


# CHANGE OF NAME

I, **Gurlal** S/O Mr Jasvant Singh whose permanent address in India is VPO Bhudshyam, Teh Nilokheri, Karnal, Haryana, India and is now living at 19 Spencer Road, Ilford, IG3 8PW UK hereby gives notice of my intention to change my name to **Gurlal Singh** subject to the approval of The High Commission of India, London.


# ਪਟਿਆਲਾ 'ਚ ਕੰਮ 'ਤੇ ਜਾ ਰਹੀ ਸਕੂਟੀ ਸਵਾਰ ਮਹਿਲਾ ਨੂੰ ਥਾਰ ਨੇ ਕੁਚਲਿਆ

**ਪਟਿਆਲਾ ।** ਪਟਿਆਲਾ-ਭਾਦਸੋਂ ਰੋਡ 'ਤੇ ਇਕ ਭਿਆਨਕ ਹਾਦਸਾ ਵਾਪਰਿਆ, ਜਿਸ ਦੌਰਾਨ ਇਕ ਸ਼ਰਾਬ ਥਾਰ ਚਾਲਕ ਨੇ ਕੰਮ 'ਤੇ ਜਾ ਰਹੀ ਸਕੂਟੀ ਸਵਾਰ ਮਹਿਲਾ ਨੂੰ ਕੁਚਲ ਦਿੱਤਾ ਅਤੇ ਉਸ ਦੀ ਮੌਕੇ 'ਤੇ ਹੀ ਮੌਤ ਹੋ ਗਈ। ਪ੍ਰਾਪਤ ਹੋਈ ਜਾਣਕਾਰੀ ਅਨੁਸਾਰ ਹਿਰਦਾਪੁਰ ਦੀ ਰਹਿਣ ਵਾਲੀ ਮਹਿਲਾ ਪਟਿਆਲਾ ਦੇ ਥਾਪਰ ਕਾਲਜ ਵਿਖੇ ਸ਼ਾਮ ਨੂੰ ਆਪਣੀ ਡਿਊਟੀ 'ਤੇ ਜਾ ਰਹੀ ਸੀ। ਇਸੇ ਦੌਰਾਨ ਇਕ ਸ਼ਰਾਬੀ ਥਾਰ ਚਾਲਕ ਨੇ ਸਕੂਟੀ ਸਵਾਰ ਮਹਿਲਾ ਨੂੰ ਟੱਕਰ ਮਾਰ ਦਿੱਤੀਅ ਅਤੇ ਮਹਿਲਾ ਸਕੂਟੀ ਸਮੇਤ ਥਾਰ ਗੱਡੀ ਦੇ ਹੇਠ ਹੀ ਫਸ ਗਈ ਅਤੇ ਮਹਿਲਾ ਦੀ ਮੌਕੇ 'ਤੇ ਹੀ ਮੌਤ ਹੋ ਗਈ। ਸਕੂਟੀ ਹੇਠ ਫਸਣ ਕਾਰਨ ਥਾਰ ਚਾਲਕ ਮੌਕੇ ਤੋਂ ਭੱਜ ਨਹੀਂ ਸਕਿਆ ਅਤੇ ਪੁਲਿਸ ਨੇ ਉਸ ਨੂੰ ਕਾਬੂ ਕਰ ਲਿਆ। ਪ੍ਰਾਪਤ ਹੋਈ ਜਾਣਕਾਰੀ ਅਨੁਸਾਰ ਇਹ ਥਾਰ ਚਾਲਕ ਪਹਿਲਾਂ ਵੀ ਦੋ ਵਿਅਕਤੀਆਂ ਨੂੰ ਰਸਤੇ ਵਿਚ ਹਿੱਟ ਕਰਕੇ ਆਇਆ ਸੀ ਅਤੇ




ਸ਼ਰਾਬੀ ਥਾਰ ਚਾਲਕ ਵੱਲੋਂ ਕੀਤੀ ਗਈ ਇਹ ਤੀਜੀ ਘਟਨਾ ਸੀ। ਪੁਲਿਸ ਵੱਲੋਂ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

# ਪਟਿਆਲਾ 'ਚ ਪੁਲਿਸ ਅਤੇ ਜੈਪਾਲ ਭੁੱਲਰ ਗੈਂਗ ਦੇ ਮੈਂਬਰਾਂ ਵਿਚਾਲੇ ਮੁਕਾਬਲਾ, ਗੋਲੀ ਲੱਗਣ ਨਾਲ ਇੱਕ ਜ਼ਖ਼ਮੀ, ਹਸਪਤਾਲ ਦਾਖਲ

**ਪਟਿਆਲਾ ।** ਪਟਿਆਲਾ ਜ਼ਿਲ੍ਹੇ ਦੇ ਸੰਗਰੂਰ-ਪਟਿਆਲਾ ਬਾਈਪਾਸ 'ਤੇ ਪੁਲਿਸ ਅਤੇ ਬਦਨਾਮ ਗੈਂਗਸਟਰ ਹਰਜਿੰਦਰ ਸਿੰਘ ਲਾਡੀ ਵਿਚਕਾਰ ਗੋਲੀਬਾਰੀ ਹੋਈ। ਪੁਲਿਸ ਦੀ ਗੋਲੀਬਾਰੀ ਵਿੱਚ ਲਾਡੀ ਜ਼ਖਮੀ ਹੋ ਗਿਆ। ਪੁਲਿਸ ਅਧਿਕਾਰੀਆਂ ਅਨੁਸਾਰ, ਇਹ ਕਾਰਵਾਈ ਬਨੂੜ ਪੁਲਿਸ ਸਟੇਸ਼ਨ ਅਤੇ ਸੀਆਈਏ, ਪਟਿਆਲਾ ਦੀ ਇੱਕ ਸਾਂਝੀ ਟੀਮ ਦੁਆਰਾ ਕੀਤੀ ਗਈ ਸੀ। ਇਹ ਧਿਆਨ ਦੇਣ ਯੋਗ ਹੈ ਕਿ ਪੁਲਿਸ ਨੂੰ ਸੂਚਨਾ ਮਿਲੀ ਸੀ ਕਿ ਹਰਜਿੰਦਰ ਸਿੰਘ ਲਾਡੀ ਇਲਾਕੇ ਵਿੱਚ ਹੈ। ਜਦੋਂ ਪੁਲਿਸ ਟੀਮ ਨੇ ਉਸਨੂੰ ਰੋਕਣ ਦੀ ਕੋਸ਼ਿਸ਼ ਕੀਤੀ ਤਾਂ ਦੋਸ਼ੀ ਹਰਜਿੰਦਰ ਸਿੰਘ ਲਾਡੀ ਨੇ ਪੁਲਿਸ 'ਤੇ ਤਿੰਨ ਤੋਂ ਚਾਰ ਗੋਲੀਆਂ ਚਲਾਈਆਂ। ਮਾਮਲੇ ਦੀ ਜਾਣਕਾਰੀ ਦਿੰਦੇ ਹੋਏ ਡੀਆਈਜੀ ਕੁਲਦੀਪ ਸਿੰਘ ਚਾਹਲ ਨੇ ਕਿਹਾ ਕਿ ਇੱਕ ਮੁਖਬਰ ਨੇ ਦੱਸਿਆ ਕਿ ਦੋਸ਼ੀ ਸੰਗਰੂਰ-ਪਟਿਆਲਾ ਬਾਈਪਾਸ ਦੇ ਨੇੜੇ ਪਹੁੰਚ



ਗਿਆ ਹੈ। ਇੱਕ ਪੁਲਿਸ ਟੀਮ ਮੌਕੇ 'ਤੇ ਪਹੁੰਚੀ ਅਤੇ ਹਰਜਿੰਦਰ ਨੂੰ ਰੋਕਣ ਦੀ ਕੋਸ਼ਿਸ਼ ਕੀਤੀ, ਜਿਸਨੇ ਫਿਰ ਪੁਲਿਸ ਪਾਰਟੀ 'ਤੇ ਚਾਰ ਗੋਲੀਆਂ ਚਲਾਈਆਂ। ਪੁਲਿਸ ਨੇ ਜਵਾਬੀ ਗੋਲੀਬਾਰੀ ਕੀਤੀ, ਜਿਸ ਦੇ ਨਤੀਜੇ ਵਜੋਂ ਇੱਕ ਗੋਲੀ ਲੱਗੀ। ਬਾਅਦ ਵਿੱਚ ਉਸਨੂੰ ਹਸਪਤਾਲ ਦਾਖਲ ਕਰਵਾਇਆ ਗਿਆ। ਕੁਲਦੀਪ ਸਿੰਘ ਚਾਹਲ ਨੇ ਦੱਸਿਆ ਕਿ ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮ 'ਤੇ ਕਈ ਗੰਭੀਰ ਦੋਸ਼ ਹਨ। ਉਸ ਤੋਂ ਗ਼ੈਰ-ਕਾਨੂੰਨੀ ਹਥਿਆਰ ਬਰਾਮਦ ਕੀਤੇ ਗਏ ਹਨ। ਉਨ੍ਹਾਂ ਅੱਗੇ ਕਿਹਾ ਕਿ ਪੰਜਾਬ ਵਿੱਚ ਸ਼ੁਰੂ ਕੀਤੇ ਗਏ ਇੱਕ ਵਿਸ਼ੇਸ਼ ਆਪ੍ਰੇਸ਼ਨ ਦੇ ਹਿੱਸੇ ਵਜੋਂ ਪੰਜਾਬ ਖੇਤਰ ਵਿੱਚ 126 ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਇਕੱਲੇ ਪਟਿਆਲਾ ਵਿੱਚ ਹੀ 60 ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ।


Samaj Weekly
ਸਮਾਜ ਵੀਕਲੀ

Editor-in-chief
Devinder Chander
+44 7878 456 484

Editorial Office
Samaj Weekly
Samaj Media Enterprise Ltd
46 Summer Road
Erdington,Birmingham UK
B23 6UR
+44 7878 456 484
+44 121 565 4810
info@samajweekly.com
samajweekly@gmail.com

ਹਰ ਪ੍ਰਕਾਰ ਦੇ ਵਪਾਰਕ ਅਤੇ ਕਲਾਸੀਫਾਈਡ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।


# ਭਾਰਤੀ ਰੁਪਏ ਦੀ ਕੀਮਤ ਹੋਰ ਡਿੱਗੀ, ਡਾਲਰ ਦੇ ਮੁਕਾਬਲੇ ਰੁਪਏ ਦੀ ਸਭ ਤੋਂ ਵੱਡੀ ਗਿਰਾਵਟ



**ਨਵੀਂ ਦਿਲੀ।** ਭਾਰਤ ਦੇ ਰੁਪਏ ਦੀ ਕੀਮਤ ਡਾਲਰ ਦੇ ਮੁਕਾਬਲੇ ਹੋਰ ਹੇਠਾਂ ਡਿੱਗੀ ਹੈ। ਅੱਜ 21 ਜਨਵਰੀ ਨੂੰ ਸ਼ੁਰੂਆਤੀ ਕਾਰੋਬਾਰ ਵਿਚ ਅਮਰੀਕੀ ਡਾਲਰ ਦੇ ਮੁਕਾ-ਬਲੇ ਰੁਪਿਆ 31 ਪੈਸੇ ਟੁੱਟ ਕੇ 91 ਰੁਪਏ 28 ਪੈਸੇ ਪਹੁੰਚ ਗਿਆ, ਜੋ ਹੁਣ ਤੱਕ ਦੇ ਸਭ ਤੋਂ ਹੇਠਲੇ ਪੱਧਰ ਉਤੇ ਪਹੁੰਚਿਆ ਹੈ। ਇਹ ਪਹਿਲੀ ਵਾਰ ਹੋਇਆ ਕਿ ਜਦੋਂ ਭਾਰਤੀ ਰੁਪਿਆ 91 ਰੁਪਏ ਦੇ ਪੱਧਰ ਤੋਂ ਉਪਰ ਚਲਿਆ ਗਿਆ। ਅੱਜ ਵਿਦੇਸ਼ ਮੁਦਰਾ ਵਾਪਾਰ ਬਾਜ਼ਾਰ ਖੁਲ੍ਹਿਆ ਤਾਂ ਡਾਲਰ ਦੇ ਮੁਕਾਬਲੇ ਭਾਰਤੀ ਰੁਪਏ ਦੀ ਕੀਮਤ 91 ਰੁਪਏ 5 ਪੈਸੇ ਉਤੇ ਸੀ, ਪ੍ਰੰਤੂ ਕੁਝ ਹੀ ਸਮੇਂ ਵਿਚ ਹੋਰ ਡਿੱਗ ਕੇ 91 ਰੁਪਏ 28 ਪੈਸੇ ਉਤੇ ਪਹੁੰਚ ਗਿਆ। ਇਸ ਤੋਂ ਪਹਿਲਾਂ ਮੰਗਲਵਾਰ ਨੂੰ ਰੁਪਿਆ ਦਾ ਰਿਕਾਰਡ ਹੇਠਲੇ ਪੱਧਰ ਉਤੇ 90 ਰੁਪਏ 97 ਪੈਸੇ ਉਤੇ ਬੰਦ ਹੋਇਆ ਸੀ।


# ਪੱਤਰਕਾਰਾਂ ਦੀ ਲੋੜ

ਇੰਗਲੈਂਡ ਦੇ ਹਰ ਇਲਾਕੇ 'ਚ ਪੱਤਰਕਾਰਾਂ ਦੀ ਲੋੜ ਹੈ, ਪੱਤਰਕਾਰਤਾ ਦਾ ਸ਼ੌਕ ਰੱਖਣ ਵਾਲੇ ਆਪਣੀ C.V. **email: samajweekly@gmail.com** ਉੱਤੇ ਭੇਜ ਸਕਦੇ ਹਨ।

Editor-in-chief : **Devinder Chander**

**Mob: 07878 456 484**

ਨੋਟ : ਪੱਤਰਕਾਰਤਾ ਦਾ ਤਜੁਰਬਾ ਰੱਖਣ ਵਾਲੇ ਨੂੰ ਪਹਿਲ ਦਿਤੀ ਜਾਵੇਗੀ।

## 26 ਜਨਵਰੀ ਨੂੰ ਪੰਜਾਬ ਰੋਡਵੇਜ਼ ਕੰਟਰੈਕਟ ਵਰਕਰ ਮਨਾਉਣਗੇ 'ਗੁਲਾਮੀ ਦਿਵਸ', ਡਿੱਪੂਆਂ 'ਤੇ ਗੇਟ ਰੈਲੀਆਂ ਅਤੇ ਵੱਡੇ ਸੰਘਰਸ਼ ਦਾ ਐਲਾਨ



**ਚੰਡੀਗੜ੍ਹ।** ਪੰਜਾਬ ਰੋਡਵੇਜ਼ ਪਨਬਸ/ਪੀ.ਆਰ.ਟੀ.ਸੀ. ਕੰਟਰੈਕਟ ਵਰਕਰਜ਼ ਯੂਨੀਅਨ ਪੰਜਾਬ 25/11 ਵੱਲੋਂ ਅੱਜ ਸੂਬਾ ਪੱਧਰੀ ਮੀਟਿੰਗ ਕਰਕੇ ਸਰਕਾਰ ਖ਼ਿਲਾਫ਼ ਤੀਖ਼ਾ ਰੁਖ ਅਪਣਾਇਆ ਗਿਆ। ਮੀਟਿੰਗ ਦੌਰਾਨ ਸੂਬਾ ਸੰਸਥਾਪਕ ਕਮਲ ਕੁਮਾਰ, ਸੂਬਾ ਚੈਅਰਮੈਨ ਬਲਵਿੰਦਰ ਸਿੰਘ ਰਾਠ, ਸੂਬਾ ਪ੍ਰਧਾਨ ਰੇਸ਼ਮ ਸਿੰਘ ਗਿੱਲ, ਸੀ.ਮੀਤ ਪ੍ਰਧਾਨ ਹਰਕੇਸ਼ ਕੁਮਾਰ ਵਿੱਕੀ, ਜਰਨਲ ਸਕੱਤਰ ਸ਼ਮਸ਼ੇਰ ਸਿੰਘ ਢਿੱਲੋਂ, ਜੁਆਇੰਟ ਸਕੱਤਰ ਜਗਤਾਰ ਸਿੰਘ, ਕੈਸ਼ੀਅਰ ਬਲਜੀਤ ਸਿੰਘ ਅਤੇ ਹੋਰ ਆਗੂਆਂ ਨੇ ਕਿਹਾ ਕਿ ਸਰਕਾਰ ਵੱਲੋਂ ਸੰਘਰਸ਼ਾਂ ਦੌਰਾਨ ਜਥੇਬੰਦੀ ਦੇ ਆਗੂਆਂ ਤੇ ਵਰਕਰਾਂ 'ਤੇ ਦਰਜ ਕੀਤੇ ਗਏ ਨਾਜਾਇਜ਼ ਪਰਚੇ ਰੱਦ ਕਰਨ ਅਤੇ ਜੇਲ੍ਹਾਂ ਵਿੱਚ ਬੰਦ ਸਾਥੀਆਂ ਨੂੰ ਤੁਰੰਤ ਰਿਹਾਅ ਕਰਨ ਦੀ ਮੰਗ ਕੀਤੀ ਗਈ ਸੀ। ਇਸ ਸਬੰਧੀ 21 ਜਨਵਰੀ ਨੂੰ ਸਰਕਾਰ ਨਾਲ ਪੈਨਲ ਮੀਟਿੰਗ ਵੀ ਨਿਰਧਾਰਤ ਸੀ, ਪਰ ਸਰਕਾਰ ਮਸਲੇ ਹੱਲ ਕਰਨ ਦੀ ਬਜਾਏ ਮੀਟਿੰਗ ਤੋਂ ਹੀ ਪਿੱਛੇ ਹਟ ਗਈ। ਯੂਨੀਅਨ ਆਗੂਆਂ ਨੇ ਦੱਸਿਆ ਕਿ ਜੇਲ੍ਹਾਂ ਵਿੱਚ ਬੰਦ ਸਾਥੀਆਂ ਨੂੰ 53 ਦਿਨ ਤੋਂ ਵੱਧ ਸਮਾਂ ਹੋ ਚੁੱਕਾ ਹੈ, ਪਰ ਸਰਕਾਰ ਸਿਰਫ਼ ਲਾਰਿਆਂ 'ਤੇ ਲਾਰੇ ਲਾ ਕੇ ਮੁਲਾਜ਼ਮਾਂ ਦੀ ਆਵਾਜ਼ ਨੂੰ ਦਬਾਉਣ ਦੀ ਕੋਸ਼ਿਸ਼ ਕਰ ਰਹੀ ਹੈ। ਉਨ੍ਹਾਂ ਕਿਹਾ ਕਿ 26 ਜਨਵਰੀ 1950 ਨੂੰ ਲਾਗੂ ਹੋਇਆ ਸੰਵਿਧਾਨ ਅੱਜ ਸਿਰਫ਼ ਕਾਗਜ਼ਾਂ ਤੱਕ ਸੀਮਿਤ ਕਰ ਦਿੱਤਾ ਗਿਆ ਹੈ ਅਤੇ ਲੋਕਤੰਤਰ ਦੀਆਂ ਮੂਲ ਕਦਰਾਂ ਦਾ ਘਾਣ ਕੀਤਾ ਜਾ ਰਿਹਾ ਹੈ। ਵਿਭਾਗ ਦੇ ਨਿਜੀਕਰਨ ਦੀ ਤਿਆਰੀ ਵੀ ਪੂਰੇ ਜ਼ੋਰਾਂ 'ਤੇ ਚੱਲ ਰਹੀ ਹੈ। ਆਗੂਆਂ ਨੇ ਸਰਕਾਰ 'ਤੇ ਦੋਸ਼ ਲਗਾਇਆ ਕਿ 21 ਜਨਵਰੀ ਹੋ ਜਾਣ ਦੇ ਬਾਵਜੂਦ ਅਜੇ ਤੱਕ ਮੁਲਾਜ਼ਮਾਂ ਦੀਆਂ ਤਨਖਾਹਾਂ ਖਾਤਿਆਂ ਵਿੱਚ ਨਹੀਂ ਪਾਈਆਂ ਗਈਆਂ, ਜੋ ਸਰਕਾਰ ਦੀ ਨਾਕਾਮੀ ਨੂੰ ਦਰਸਾਉਂਦਾ ਹੈ। ਯੂਨੀਅਨ ਨੇ ਚੇਤਾਵਨੀ ਦਿੱਤੀ ਕਿ ਜੇ ਮੰਗਾਂ ਦਾ ਹੱਲ ਨਾ ਕੀਤਾ ਗਿਆ ਤਾਂ 26 ਜਨਵਰੀ ਨੂੰ ਸੂਬੇ ਭਰ ਦੇ ਸਾਰੇ ਡਿੱਪੂਆਂ 'ਤੇ ਗੇਟ ਰੈਲੀਆਂ ਕੀਤੀਆਂ ਜਾਣਗੀਆਂ, ਮੁਲਾਜ਼ਮ ਕਾਲੀਆਂ ਪੱਟੀਆਂ ਬੰਨ ਕੇ ਅਤੇ ਕਾਲੇ ਬਿੱਲੇ ਲਾ ਕੇ ਸਰਕਾਰ ਖ਼ਿਲਾਫ਼ ਭੰਡੀ ਪ੍ਰਚਾਰ ਕਰਨਗੇ। ਯੂਨੀਅਨ ਨੇ ਸਾਫ਼ ਕਿਹਾ ਕਿ ਜੇ ਫਿਰ ਵੀ ਜੇਲ੍ਹਾਂ ਵਿੱਚ ਬੰਦ ਮੁਲਾਜ਼ਮਾਂ ਨੂੰ ਰਿਹਾਅ ਨਾ ਕੀਤਾ ਗਿਆ ਤਾਂ ਇਸ ਤੋਂ ਵੀ ਵੱਡੇ ਅਤੇ ਤਿੱਖੇ ਐਕਸ਼ਨ ਕੀਤੇ ਜਾਣਗੇ, ਜਿਸ ਨਾਲ ਹੋਣ ਵਾਲੇ ਵਿਭਾਗੀ ਨੁਕ-ਸਾਨ ਅਤੇ ਆਮ ਲੋਕਾਂ ਦੀ ਖੱਜਲ-ਖ਼ੁਆਰੀ ਦੀ ਪੂਰੀ ਜ਼ਿੰਮੇਵਾਰੀ ਪੰਜਾਬ ਸਰਕਾਰ ਦੀ ਹੋਵੇਗੀ।

## ਪੰਜਾਬ 'ਚ ਸਕੂਲਾਂ ਦਾ ਸਮਾਂ ਮੁੜ ਬਦਲਿਆ, 22 ਜਨਵਰੀ ਤੋਂ ਪਹਿਲਾਂ ਵਾਲੇ ਸ਼ਡਿਊਲ ਅਨੁਸਾਰ ਲੱਗਣਗੀਆਂ ਕਲਾਸਾਂ

**ਚੰਡੀਗੜ੍ਹ।** ਪੰਜਾਬ ਸਰਕਾਰ ਵੱਲੋਂ ਵਿਦਿਆਰਥੀਆਂ ਦੀ ਸੁਰੱਖਿਆ ਅਤੇ ਸਿਹਤ ਨੂੰ ਧਿਆਨ ਵਿੱਚ ਰੱਖਦੇ ਹੋਏ ਸਕੂਲਾਂ ਦੇ ਸਮੇਂ ਵਿੱਚ ਇੱਕ ਵਾਰ ਫਿਰ ਤਬਦੀਲੀ ਕੀਤੀ ਗਈ ਹੈ। ਸਿੱਖਿਆ ਵਿਭਾਗ ਨੇ ਹੁਕਮ ਜਾਰੀ ਕਰਦੇ ਹੋਏ ਦੱਸਿਆ ਹੈ ਕਿ 22 ਜਨਵਰੀ ਤੋਂ ਪੰਜਾਬ ਦੇ ਸਾਰੇ ਸਕੂਲ ਪਹਿਲਾਂ ਵਾਲੇ ਆਮ ਸਮੇਂ ਅਨੁਸਾਰ ਖੁੱਲ੍ਹਣਗੇ। ਜ਼ਿਕਰਯੋਗ ਹੈ ਕਿ 15 ਜਨਵਰੀ ਨੂੰ ਸੰਘਣੀ ਧੁੰਦ ਅਤੇ ਕੜਾਕੇ ਦੀ ਠੰਢ ਕਾਰਨ ਸਕੂਲਾਂ ਦਾ ਸਮਾਂ ਬਦਲ ਕੇ ਸਵੇਰੇ 10 ਵਜੇ ਤੋਂ ਦੁਪਹਿਰ 3 ਵਜੇ ਤੱਕ ਕੀਤਾ ਗਿਆ ਸੀ। ਹੁਣ ਮੌਸਮੀ ਹਾਲਾਤਾਂ ਵਿੱਚ ਸੁਧਾਰ ਦੇ ਮੱਦੇਨਜ਼ਰ ਸਿੱਖਿਆ ਵਿਭਾਗ ਨੇ ਇਹ ਫੈਸਲਾ ਵਾਪਸ ਲੈਂਦਿਆਂ ਨਵਾਂ ਸ਼ਡਿਊਲ ਲਾਗੂ ਕਰਨ ਦਾ ਐਲਾਨ ਕੀਤਾ ਹੈ। ਨਵੇਂ ਹੁਕਮਾਂ ਅਨੁਸਾਰ, ਪ੍ਰਾਇਮਰੀ ਸਕੂਲ ਸਵੇਰੇ 9 ਵਜੇ ਤੋਂ ਦੁਪਹਿਰ 3 ਵਜੇ ਤੱਕ ਚੱਲਣਗੇ, ਜਦਕਿ ਮਿਡਲ, ਹਾਈ ਅਤੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਕਲਾਸਾਂ ਸਵੇਰੇ 9 ਵਜੇ ਤੋਂ ਦੁਪਹਿਰ 3.20 ਵਜੇ ਤੱਕ ਲਗਣਗੀਆਂ।

# ਗਣਤੰਤਰ ਦਿਵਸ ਮੌਕੇ CM ਸੁੱਖੂ ਨੂੰ ਬੰਬ ਨਾਲ ਉਡਾਉਣ ਦੀ ਧਮਕੀ: ਸ਼ਿਮਲਾ ਪੁਲਿਸ ਨੇ ਗੁਮਨਾਮ ਆਈਡੀ ਵਾਲੇ ਵਿਅਕਤੀ ਖ਼ਿਲਾਫ਼ ਕੇਸ ਕੀਤਾ ਦਰਜ



**ਹਿਮਾਚਲ।** ਹਿਮਾਚਲ ਪ੍ਰਦੇਸ਼ ਦੇ ਮੁੱਖ ਮੰਤਰੀ ਸੁਖਵਿੰਦਰ ਸਿੰਘ ਸੁੱਖੂ ਨੂੰ ਗਣਤੰਤਰ ਦਿਵਸ ਦੇ ਮੌਕੇ ਬੰਬੀ ਹਮਲੇ ਦੀ ਗੰਭੀਰ ਧਮਕੀ ਮਿਲਣ ਨਾਲ ਸੂਬੇ ਦੇ ਪ੍ਰਸ਼ਾਸਨ ਅਤੇ ਸੁਰੱਖਿਆ ਏਜੰਸੀਆਂ ਵਿੱਚ ਹੜਕੰਪ ਮਚ ਗਿਆ ਹੈ। ਇਹ ਧਮਕੀ ਸ਼ਿਮਲਾ ਦੇ ਡਿਪਟੀ ਕਮਿਸ਼ਨਰ (ਡੀਸੀ) ਦਫ਼ਤਰ ਨੂੰ ਇੱਕ ਈਮੇਲ ਰਾਹੀਂ ਭੇਜੀ ਗਈ, ਜਿਸ ਵਿੱਚ ਕਿਹਾ ਗਿਆ ਕਿ ਜੇ ਮੁੱਖ ਮੰਤਰੀ ਗਣਤੰਤਰ ਦਿਵਸ ਸਮਾਰੋਹ ਦੌਰਾਨ ਤਿਰੰਗਾ ਲਹਿਰਾਉਣ ਲਈ ਪਹੁੰਚੇ, ਤਾਂ ਉਨ੍ਹਾਂ 'ਤੇ ਆਤਮਘਾਤੀ ਬੰਬ ਨਾਲ ਹਮਲਾ ਕੀਤਾ ਜਾਵੇਗਾ। ਇਸ ਮਾਮਲੇ ਨੂੰ ਬਹੁਤ ਗੰਭੀਰਤਾ ਨਾਲ ਲੈਂਦਿਆਂ ਪੁਲਿਸ ਵੱਲੋਂ ਸ਼ਿਮਲਾ ਦੇ ਸਦਰ ਪੁਲਿਸ ਸਟੇਸ਼ਨ ਵਿੱਚ ਇੱਕ ਅਣਪਛਾਤੇ ਵਿਅਕਤੀ ਦੇ ਖ਼ਿਲਾਫ਼ ਕੇਸ ਦਰਜ ਕਰ ਲਿਆ ਗਿਆ ਹੈ। ਪੁਲਿਸ ਮੁਤਾਬਕ ਧਮਕੀ ਭਰੀ ਇਹ ਈਮੇਲ ਡੀਸੀ ਦਫ਼ਤਰ ਦੀ ਅਧਿਕਾਰਤ ਮੇਲ ਆਈਡੀ 'ਤੇ ਪ੍ਰਾਪਤ ਹੋਈ ਸੀ, ਜਿਸਨੂੰ ਤੁਰੰਤ ਸਬੰਧਤ ਪੁਲਿਸ ਅਧਿਕਾਰੀਆਂ ਤੱਕ ਪਹੁੰਚਾਇਆ ਗਿਆ। ਇਸ ਸਬੰਧੀ ਭਾਰਤੀ ਦੰਡਾਵਲੀ ਦੀਆਂ ਧਾਰਾਵਾਂ 351(3), 353(1)(ਬੀ) ਅਤੇ 152 ਦੇ ਤਹਿਤ ਮਾਮਲਾ ਦਰਜ ਕੀਤਾ ਗਿਆ ਹੈ। ਧਮਕੀ ਭੇਜਣ ਵਾਲੇ ਦੀ ਪਛਾਣ ਲਈ ਪੁਲਿਸ ਨੇ ਜਾਂਚ ਤੇਜ਼ ਕਰ ਦਿੱਤੀ ਹੈ। ਕਿਉਂਕਿ ਈਮੇਲ ਇੱਕ ਗੁਮ-ਨਾਮ ਆਈਡੀ ਤੋਂ ਭੇਜੀ ਗਈ ਸੀ, ਇਸ ਲਈ ਸਾਈਬਰ ਮਾਹਰਾਂ ਦੀ ਮਦਦ ਨਾਲ ਡਿਜੀਟਲ ਅਤੇ ਇਲੈਕਟ੍ਰਾਨਿਕ ਸਬੂਤਾਂ ਦੇ ਆਧਾਰ 'ਤੇ ਉਸਦੇ ਸਰੋਤ ਅਤੇ ਸਥਾਨ ਦਾ ਪਤਾ ਲਗਾਇਆ ਜਾ ਰਿਹਾ ਹੈ। ਉਧਰ, ਪੁਲਿਸ ਅਤੇ ਪ੍ਰਸ਼ਾਸਨ ਨੇ ਭਰੋਸਾ ਦਿੱਤਾ ਹੈ ਕਿ ਗਣਤੰਤਰ ਦਿਵਸ ਦੇ ਮੌਕੇ ਸੁਰੱਖਿਆ ਪ੍ਰਬੰਧ ਪਹਿਲਾਂ ਹੀ ਕਾਫ਼ੀ ਮਜ਼ਬੂਤ ਹਨ ਅਤੇ ਹੁਣ ਇਸ ਧਮਕੀ ਤੋਂ ਬਾਅਦ ਹੋਰ ਵਧੀਕ ਚੌਕਸੀ ਅਪਣਾਈ ਜਾ ਰਹੀ ਹੈ। ਜਨਤਾ ਨੂੰ ਅਫਵਾਹਾਂ ਤੋਂ ਦੂਰ ਰਹਿਣ ਅਤੇ ਸ਼ਾਂਤੀ ਬਣਾਈ ਰੱਖਣ ਦੀ ਅਪੀਲ ਕੀਤੀ ਗਈ ਹੈ। ਦੱਸਿਆ ਗਿਆ ਹੈ ਕਿ ਇਸ ਸਾਲ ਰਾਜ ਪੱਧਰੀ ਗਣਤੰਤਰ ਦਿਵਸ ਸਮਾਰੋਹ ਸ਼ਿਮਲਾ ਦੇ ਰਿਜ ਮੈਦਾਨ 'ਚ ਹੋਵੇਗਾ, ਜਿੱਥੇ ਮੁੱਖ ਮੰਤਰੀ ਸੁਖਵਿੰਦਰ ਸਿੰਘ ਸੁੱਖੂ ਤਿਰੰਗਾ ਲਹਿਰਾਉਣਗੇ।


SHAM LAL CHANDER

ID no. 921760

BUILDING MAINTENANCE HANDYMAN (CHECKATRADE)



Sham Lal Chander building maintenance handyman Under checkatrade platform is now available on your local London Area. They have fully trained and experienced tradesmen and do genuinely fast responses to all online enquiries. Their team are knowledgeable and providing on-time service. They have been providing remodelling, repairing and maintaining for over five years.

SPECIALITY:

PLUMBING : - Repairs/Replacement of Bathrooms accessories (sink, taps, tubs, showers, Toilets etc.

ELECTRICIAN :- Repairs/Replacement of all types of Sockets, Switches, Lamps, Fans, Cameras, Washing machines, Cookers, Alarms, Mount TV on walls, etc.

MASONRY WORK: - Plastering, skimming, Brick Work, Slabs Lying, Drive Ways, Roof maintenance etc.

CARPENTRY: - Laminate Flooring, Fencing, Flat Packs Assembling, Doors repairing/ replacing, Skirting, Decking, Selves making etc.

For more information please contact at www.checkatrade.com

Chander Consultants Limited, London, UK 07488841161

# ਸਕੂਲ ਆਫ਼ ਐਮੀਨੈਂਸ, ਲੰਬੀ ਵਿਖੇ ਟ੍ਰੈਫਿਕ ਜਾਗਰੂਕਤਾ ਸੈਮੀਨਾਰ

## ਵਿਦਿਆਰਥੀਆਂ ਨੂੰ ਸੜਕੀ ਸੁਰੱਖਿਆ ਦਾ ਅਹਿਮ ਸਬਕ

**ਲੰਬੀ, (ਪ੍ਰਤੀਨਿਧੀ):** ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਦੇ ਸਮੂਹ ਸਕੂਲਾਂ ਵਿੱਚ ਸੜਕ ਹਾਦਸਿਆਂ ਤੋਂ ਬਚਾਅ ਅਤੇ ਲੋਕਾਂ ਨੂੰ ਟ੍ਰੈਫਿਕ ਨਿਯਮਾਂ ਪ੍ਰਤੀ ਜਾਗਰੂਕ ਕਰਨ ਦੇ ਮਕਸਦ ਨਾਲ ਸੜਕ ਸੁਰੱਖਿਆ ਜਾਗਰੂਕਤਾ ਮੁਹਿੰਮ 1 ਜਨਵਰੀ ਤੋਂ 31 ਜਨਵਰੀ 2026 ਤੱਕ ਮਾਣਯੋਗ ਡਿਪਟੀ ਕਮਿਸ਼ਨਰ ਸ਼੍ਰੀ ਅਭਿਜੀਤ ਕਪਲਿਸ਼ ਜੀ ਦੀ ਯੋਗ ਅਗਵਾਈ ਅਤੇ ਜ਼ਿਲ੍ਹਾ ਸਿੱਖਿਆ ਅਫ਼ਸਰ ਸ਼੍ਰੀ ਜਸਪਾਲ ਮੌਂਗਾ ਜੀ ਦੀ ਯੋਗ ਰਹਿਨੁਮਾਈ ਹੇਠ ਚਲਾਈ ਜਾ ਰਹੀ ਹੈ।

ਇਸ ਕੜੀ ਦੇ ਦੌਰਾਨ ਸਕੂਲ ਆਫ਼ ਐਮੀਨੈਂਸ, ਲੰਬੀ ਵਿਖੇ ਵਿਦਿਆਰਥੀਆਂ ਵਿੱਚ ਸੜਕੀ ਸੁਰੱਖਿਆ ਪ੍ਰਤੀ ਜ਼ਿੰਮੇਵਾਰ ਸੋਚ ਪੈਦਾ ਕਰਨ ਦੇ ਉਦੇਸ਼ ਨਾਲ ਇੱਕ ਵਿਸ਼ੇਸ਼ ਟ੍ਰੈਫਿਕ ਜਾਗਰੂਕਤਾ ਸੈਮੀਨਾਰ ਦਾ ਆਯੋਜਨ ਸਕੂਲ ਪ੍ਰਿੰਸੀਪਲ ਸ੍ਰੀ ਰਾਜੀਵ ਛਾਬੜਾ ਜੀ ਦੀ ਦੇਖ ਰੇਖ ਵਿੱਚ ਕੀਤਾ ਗਿਆ। ਇਸ ਜਾਗਰੂਕਤਾ ਪ੍ਰੋਗਰਾਮ ਦੌਰਾਨ ਐੱਸ.ਐੱਚ.ਓ. ਮੈਡਮ ਮਨਜੀਤ ਕੌਰ ਜੀ ਨੇ ਮੁੱਖ ਬੁਲਾਰੇ ਵਜੋਂ ਸ਼ਿਰਕਤ ਕਰਦਿਆਂ ਵਿਦਿਆਰਥੀਆਂ ਨਾਲ ਸਿੱਧਾ ਸੰਵਾਦ ਕੀਤਾ ਅਤੇ ਟ੍ਰੈਫਿਕ ਨਿਯਮਾਂ ਦੀ ਮਹੱਤਤਾ ਨੂੰ ਰੋਜ਼ਾਨਾ ਜ਼ਿੰਦਗੀ ਨਾਲ ਜੋੜ ਕੇ ਸਮਝਾਇਆ। ਐੱਸ.ਐੱਚ.ਓ. ਮਨਜੀਤ ਕੌਰ ਜੀ ਨੇ ਕਿਹਾ ਕਿ "ਸੜਕ ਸੁਰੱਖਿਆ ਸਿਰਫ਼ ਕਾਨੂੰਨ ਦੀ ਪਾਲਣਾ ਨਹੀਂ, ਸਗੋਂ ਜੀਵਨ ਦੀ ਸੁਰੱਖਿਆ ਹੈ।" ਉਨ੍ਹਾਂ ਨੇ ਵਿਦਿਆਰਥੀਆਂ ਨੂੰ ਦੋ ਪਹੀਆ ਵਾਹਨ ਚਲਾਉਂਦੇ ਸਮੇਂ ਉੱਚ ਗੁਣਵੱਤਾ ਵਾਲਾ ਹੈਲਮਟ ਲਾਜ਼ਮੀ ਤੌਰ 'ਤੇ ਪਹਿਨਣ, 18 ਸਾਲ ਤੋਂ ਘੱਟ ਉਮਰ ਵਿੱਚ ਵਾਹਨ ਨਾ ਚਲਾਉਣ ਅਤੇ ਵਾਹਨ



ਚਲਾਉਂਦੇ ਸਮੇਂ ਮੋਬਾਈਲ ਫ਼ੋਨ ਤੋਂ ਦੂਰ ਰਹਿਣ ਦੀ ਅਪੀਲ ਕੀਤੀ। ਉਨ੍ਹਾਂ ਨੇ ਇਹ ਵੀ ਜ਼ੋਰ ਦੇ ਕੇ ਕਿਹਾ ਕਿ ਟ੍ਰੈਫਿਕ ਚਿੰਨ੍ਹਾਂ ਅਤੇ ਸਿਗਨਲ ਲਾਈਟਾਂ ਦੀ ਉਲੰਘਣਾ ਅਕਸਰ ਭਿਆਨਕ ਹਾਦਸਿਆਂ ਦਾ ਕਾਰਨ ਬਣਦੀ ਹੈ। ਸੈਮੀਨਾਰ ਦੌਰਾਨ ਵਿਦਿਆਰਥੀਆਂ ਨੂੰ



ਹਕੀਕਤੀ ਉਦਾਹਰਣਾਂ ਰਾਹੀਂ ਸੜਕੀ ਹਾਦਸਿਆਂ ਦੇ ਕਾਰਣ ਅਤੇ ਉਨ੍ਹਾਂ ਤੋਂ ਬਚਾਅ ਦੇ ਤਰੀਕਿਆਂ ਬਾਰੇ ਜਾਣਕਾਰੀ ਦਿੱਤੀ ਗਈ, ਜਿਸ ਨਾਲ ਬੱਚਿਆਂ ਵਿੱਚ ਖ਼ਾਸ ਉਤਸ਼ਾਹ ਅਤੇ ਜਾਗਰੂਕਤਾ ਵੇਖਣ ਨੂੰ ਮਿਲੀ। ਵਿਦਿਆਰਥੀਆਂ ਨੇ ਵੀ ਟ੍ਰੈਫਿਕ ਨਿਯਮਾਂ ਦੀ ਪਾਲਣਾ ਕਰਨ ਅਤੇ ਹੋਰਾਂ ਨੂੰ ਵੀ ਇਸ ਪ੍ਰਤੀ ਜਾਗਰੂਕ ਕਰਨ ਦਾ ਸੰਕਲਪ ਲਿਆ। ਸਕੂਲ ਪ੍ਰਿੰਸੀਪਲ ਅਤੇ ਸਮੂਹ ਸਟਾਫ਼ ਵੱਲੋਂ ਐੱਸ.ਐੱਚ.ਓ. ਮਨਜੀਤ ਕੌਰ ਜੀ ਦਾ ਧੰਨਵਾਦ ਕਰਦਿਆਂ ਕਿਹਾ ਗਿਆ ਕਿ ਅਜਿਹੇ ਜਾਗਰੂਕਤਾ ਪ੍ਰੋਗਰਾਮ ਵਿਦਿਆਰਥੀਆਂ ਨੂੰ ਸਿਰਫ਼ ਚੰਗਾ ਵਿਦਿਆਰਥੀ ਹੀ ਨਹੀਂ, ਸਗੋਂ ਇੱਕ ਜ਼ਿੰਮੇਵਾਰ ਨਾਗਰਿਕ ਬਣਨ ਵੱਲ ਪ੍ਰੇਰਿਤ ਕਰਦੇ ਹਨ।

# ਸਿੱਖਿਆ ਵਿਭਾਗ ਸਪੈਸ਼ਲ ਐਜੂਕੇਟਰਾਂ ਨਾਲ ਧੋਖਾ ਕਰ ਰਹੀ ਹੈ-ਕਿਰਨਪਾਲ ਸਿੰਘ



**ਕਪੂਰਥਲਾ ( ਕੌੜਾ )** - ਸਪੈਸ਼ਲ ਐਜੂਕੇਟਰ ਅਧਿਆਪਕ ਪਿਛਲੇ 20 ਸਾਲਾਂ ਤੋਂ ਪੰਜਾਬ ਦੇ ਸਰਕਾਰੀ ਸਕੂਲਾਂ ਵਿੱਚ ਤਨਦੇਹੀ ਨਾਲ ਸੇਵਾਵਾਂ ਦੇ ਰਹੇ ਹਨ ਪਰ ਹੁਣ ਸਿੱਖਿਆ ਵਿਭਾਗ ਵੱਲੋਂ ਉਹਨਾਂ ਨੂੰ ਅਣਉਚਿਤ ਕਰਾਰ ਦੇ ਕੇ ਨਵੇਂ ਐਜੂਕੇਟਰਾਂ ਦੀ ਭਰਤੀ ਕੀਤੀ ਜਾ ਰਹੀ ਹੈ ਜੋ ਕਿ ਇੱਕ ਬਹੁਤ ਵੱਡਾ ਧੋਖਾ ਹੈ।
ਇਸ ਸੰਬੰਧੀ ਸੰਘਰਸ਼ ਦੀ ਅਗਲੀ ਰਣਨੀਤੀ ਤੈਅ ਕਰਨ ਲਈ ਸਪੈਸ਼ਲ ਐਜੂਕੇਟਰਾਂ ਦੀ ਮੀਟਿੰਗ ਹੰਗਾਮੀ ਮੀਟਿੰਗ ਜਿਲ੍ਹਾ ਪ੍ਰਧਾਨ ਕਿਰਨਪਾਲ ਸਿੰਘ ਦੀ ਅਗਵਾਈ ਹੇਠ ਹੋਈ, ਜਿਸ ਵਿੱਚ ਫੈਸਲਾ ਲਿਆ ਗਿਆ ਕਿ ਸਿੱਖਿਆ ਵਿਭਾਗ ਦੇ ਇਸ ਤਾਨਾਸ਼ਾਹੀ ਫ਼ੈਸਲੇ ਦਾ ਡੱਟ ਕੇ ਵਿਰੋਧ ਕੀਤਾ ਜਾਵੇਗਾ। ਇਸ ਮੌਕੇ ਬੋਲਦਿਆਂ ਪ੍ਰਧਾਨ ਕਿਰਨਪਾਲ ਸਿੰਘ ਨੇ ਕਿਹਾ ਪੁਰਾਣੇ ਐਜੂਕੇਟਰਾਂ ਦੀ ਥਾਂ ਤੇ ਨਵੇਂ ਐਜੂਕੇਟਰ ਭਰਤੀ ਕੀਤੇ ਜਾ ਰਹੇ ਯਤਨਾਂ ਕਾਰਨ ਭਾਰੀ ਤਨਾਅ ਦੇ ਚਲਦਿਆਂ ਸਾਡੇ ਸਾਥੀ ਹਰੀਸ਼ ਸਿੰਗਲਾ ਅਤੇ ਰਕੇਸ਼ ਕੋਹਲੀ ਜਾਨ ਗਵਾ ਚੁੱਕੇ ਹਨ। ਉਨ੍ਹਾਂ ਨੇ ਕਿਹਾ ਕਿ ਇਸ ਲਈ ਸਿੱਖਿਆ ਵਿਭਾਗ ਪੰਜਾਬ ਸਿੱਧੇ ਤੌਰ ਤੇ ਜਿੰਮੇਵਾਰ ਹੈ। ਉਨ੍ਹਾਂ ਨੇ ਕਿਹਾ ਕਿ ਜਿਹੜੇ ਐਜੂਕੇਟਰ ਪਿਛਲੇ 20 ਸਾਲਾਂ ਤੋਂ ਸਕੂਲਾਂ ਵਿੱਚ ਸ਼ਾਨਦਾਰ ਸੇਵਾਵਾਂ ਦੇ ਰਹੇ ਸਨ ਹੁਣ ਕਿਸ ਤਰ੍ਹਾਂ ਅਣਉਚਿਤ ਹੋ ਗਏ। ਇਸ ਮੌਕੇ ਮੰਗ ਕੀਤੀ ਗਈ ਕਿ ਪਿਛਲੇ 20 ਸਾਲਾਂ ਤੋਂ ਸੇਵਾਵਾਂ ਦੇ ਰਹੇ ਐਜੂਕੇਟਰਾਂ ਨੂੰ ਤਰੁੰਤ ਨਿਯੁੱਕਤੀ ਪੱਤਰ ਦਿੱਤੇ ਜਾਣ ਅਤੇ ਜਾਣ ਗੁਵਾਉਣ ਵਾਲੇ ਐਜੂਕੇਟਰਾਂ ਦੇ ਪਰਿਵਾਰਾਂ ਨੂੰ ਯੋਗ ਮੁਆਵਜ਼ਾ ਦਿੱਤਾ ਜਾਵੇ। ਇਸ ਮੌਕੇ ਰਾਜੀਵ ਪਠਾਣੀਆਂ, ਰਮੇਸ਼ ਕੰਬੋਜ, ਜਸਪਾਲ ਸਿੰਘ, ਬਲਜੀਤ ਸਿੰਘ, ਜੋਗਿੰਦਰ ਸਿੰਘ ਆਦਿ ਹਾਜ਼ਰ ਸਨ।

# ਜਦੋਂ 12 ਸਾਲਾਂ ਬੱਚੇ ਦੀ ਸੂਝ-ਬੂਝ ਨਾਲ ਵੱਡਾ ਸੜਕੀ ਹਾਦਸਾ ਟਲਿਆ

**ਲੈਸਟਰ (ਇੰਗਲੈਂਡ) (ਸੁਖਜਿੰਦਰ ਸਿੰਘ ਢੱਡੇ)-** ਵੇਲਜ਼ ਦੀ ਇੱਕ ਤੇਜ਼ ਰਫ਼ਤਾਰ ਮੁੱਖ ਸੜਕ 'ਤੇ ਉਸ ਸਮੇਂ ਵੱਡੀ ਅਣਹੋਣੀ ਟਲ ਗਈ ਜਦੋਂ 12 ਸਾਲਾ ਬੱਚੇ ਨੇ ਬੇਹੋਸ਼ ਹੋਈ ਮਾਂ ਦੀ ਕਾਰ ਨੂੰ ਸੂਝ-ਬੂਝ ਨਾਲ ਸੜਕ ਦੇ ਕਿਨਾਰੇ ਸੁਰੱਖਿਅਤ ਢੰਗ ਨਾਲ ਰੋਕ ਲਿਆ। ਇਸ ਘਟਨਾ ਨੇ ਨਾ ਸਿਰਫ਼ ਮਾਂ ਦੀ ਜਾਨ ਬਚਾਈ, ਸਗੋਂ ਹੋਰ ਸੜਕ ਵਰਤੋਂਕਾਰਾਂ ਨੂੰ ਵੀ ਵੱਡੇ ਖ਼ਤਰੇ ਤੋਂ ਬਚਾ ਲਿਆ।

ਜਾਣਕਾਰੀ ਅਨੁਸਾਰ ਮਹਿਲਾ ਆਪਣੀ ਕਾਰ ਚਲਾ ਰਹੀ ਸੀ ਕਿ ਅਚਾਨਕ ਉਸ ਦੀ ਤਬੀਅਤ ਖ਼ਰਾਬ ਹੋ ਗਈ ਅਤੇ ਉਹ ਸਟੀਅਰਿੰਗ 'ਤੇ ਹੀ ਬੇਹੋਸ਼ ਹੋ ਗਈ। ਇਸ ਕਾਰਨ ਕਾਰ ਬੇਕਾਬੂ ਹੋਣ ਲੱਗੀ। ਕਾਰ ਵਿੱਚ ਮੌਜੂਦ 12 ਸਾਲਾ ਬੱਚੇ ਨੇ ਹੌਸਲਾ ਦਿਖਾਉਂਦਿਆਂ ਤੁਰੰਤ ਸਥਿਤੀ ਨੂੰ ਸਮਝਿਆ ਅਤੇ ਸਟੀਅਰਿੰਗ ਆਪਣੇ ਕਾਬੂ ਵਿੱਚ ਲੈ ਲਿਆ।

ਬੱਚੇ ਨੇ ਮਾਂ ਦੇ ਪੈਰ ਨੂੰ ਗਤੀ ਵਧਾਉਣ ਵਾਲੇ ਪੈਡਲ ਤੋਂ



ਹਟਾਇਆ, ਹੌਲੀ-ਹੌਲੀ ਬਰੇਕ ਲਗਾਈ ਅਤੇ ਕਾਰ ਨੂੰ ਸੜਕ ਦੇ ਕਿਨਾਰੇ ਲਿਆ ਕੇ ਰੋਕ ਦਿੱਤਾ। ਤੇਜ਼ ਰਫ਼ਤਾਰ ਨਾਲ ਦੌੜ ਰਹੇ ਵਾਹਨਾਂ ਵਿਚਕਾਰ ਇਹ ਕੰਮ ਕਰਨਾ ਬਹੁਤ ਜੋਖਿਮ ਭਰਿਆ ਸੀ, ਪਰ ਬੱਚੇ ਨੇ ਬੇਹੱਦ ਸਿਆਣਪ ਅਤੇ ਧੀਰਜ ਨਾਲ ਇਹ ਕਾਰਨਾਮਾ ਕਰ ਦਿਖਾਇਆ।

ਕਾਰ ਨੂੰ ਸੁਰੱਖਿਅਤ ਢੰਗ ਨਾਲ ਰੋਕਣ ਤੋਂ ਬਾਅਦ ਬੱਚੇ ਨੇ ਤੁਰੰਤ ਐਮਰਜੈਂਸੀ ਸੇਵਾਵਾਂ ਦੇ ਨੰਬਰ 'ਤੇ ਫ਼ੋਨ ਕਰਕੇ ਮਦਦ ਮੰਗੀ ਅਤੇ ਸਾਰੀ ਸਥਿਤੀ ਬਾਰੇ ਜਾਣਕਾਰੀ ਦਿੱਤੀ। ਕੁਝ ਹੀ ਸਮੇਂ ਵਿੱਚ ਬਚਾਵ ਟੀਮਾਂ ਮੌਕੇ 'ਤੇ ਪਹੁੰਚ ਗਈਆਂ ਅਤੇ ਮਹਿਲਾ ਨੂੰ ਮੁੱਢਲੀ ਸਹਾਇਤਾ ਦੇਣ ਤੋਂ ਬਾਅਦ ਇਲਾਜ ਲਈ ਹਸਪਤਾਲ ਲਿਜਾਇਆ ਗਿਆ।

ਡਾਕਟਰਾਂ ਮੁਤਾਬਕ ਮਹਿਲਾ ਦੀ ਹਾਲਤ ਹੁਣ ਸਥਿਰ ਹੈ। ਬਚਾਵ ਕਰਮਚਾਰੀਆਂ ਅਤੇ ਪੁਲਿਸ ਅਧਿਕਾਰੀਆਂ ਵੱਲੋਂ 12 ਸਾਲਾ ਬੱਚੇ ਦੀ ਹਿੰਮਤ, ਸਮਝਦਾਰੀ ਅਤੇ ਸੂਝ-ਬੂਝ ਦੀ ਖੁੱਲ੍ਹ ਕੇ ਸ਼ਲਾਘਾ ਕੀਤੀ ਗਈ। ਉਨ੍ਹਾਂ ਕਿਹਾ ਕਿ ਜੇਕਰ ਬੱਚਾ ਘਬਰਾਹਟ ਵਿੱਚ ਆ ਜਾਂਦਾ ਤਾਂ ਨਤੀਜੇ ਭਿਆਨਕ ਹੋ ਸਕਦੇ ਸਨ।

ਇਸ ਘਟਨਾ ਤੋਂ ਬਾਅਦ ਸਥਾਨਕ ਲੋਕਾਂ ਵੱਲੋਂ ਵੀ ਬੱਚੇ ਦੀ ਬਹਾਦਰੀ ਦੀ ਪ੍ਰਸ਼ੰਸਾ ਕੀਤੀ ਜਾ ਰਹੀ ਹੈ। ਲੋਕਾਂ ਦਾ ਕਹਿਣਾ ਹੈ ਕਿ ਇੰਨੀ ਛੋਟੀ ਉਮਰ ਵਿੱਚ ਇਸ ਤਰ੍ਹਾਂ ਦੀ ਸਮਝਦਾਰੀ ਵਾਕਈ ਕਾਬਿਲ-ਏ-ਤਾਰੀਫ਼ ਹੈ।

ਇਹ ਘਟਨਾ ਇੱਕ ਵਾਰ ਫਿਰ ਸਾਬਤ ਕਰਦੀ ਹੈ ਕਿ ਮੁਸ਼ਕਲ ਘੜੀ ਵਿੱਚ ਹੌਸਲਾ, ਸੂਝ-ਬੂਝ ਅਤੇ ਹਿੰਮਤ ਨਾਲ ਵੱਡੀਆਂ ਅਣਹੋਣੀਆਂ ਨੂੰ ਵੀ ਟਾਲਿਆ ਜਾ ਸਕਦਾ ਹੈ।

The Samaj Weekly and people associated with it are not responsible for any claims made by the advisers and don't endorse any product or service advertising Samaj Weekly. Please consult your lawyer before buying hiring/contracting through the ads published in the newspaper. The Samaj Weekly is business of selling space and claims made by the advertisers are not tested/confirmed by any source.

# ਭੱਖਵੇਂ ਮੁੱਦਿਆਂ ਬਾਰੇ ਚਰਚਾ ਦੇ ਰੂਪ ਵਿੱਚ ਮਨਾਈ ਗਈ ਸ਼ਹੀਦ ਲਾਭ ਸਿੰਘ ਦੀ 45ਵੀਂ ਬਰਸੀ

## ਕਮੇਟੀ ਵਲੋਂ ਦਿਲਜੋਤ ਸ਼ਰਮਾ ਨੂੰ ਇਨਸਾਫ ਦਿਵਾਉਣ ਲਈ ਕੱਲ ਮਾਨਸਾ ਕਚਿਹਰੀ ਵਿੱਚ ਦਿੱਤੇ ਜਾਣ ਵਾਲੇ ਰੋਸ ਧਰਨੇ ਵਿੱਚ ਪਹੁੰਚਣ ਦਾ ਸੱਦਾ









**ਮਾਨਸਾ, (ਜਸਵੰਤ ਗਿੱਲ ਸਮਾਲਸਰ)** ਜਨਤਾ ਤੇ ਇਨਕਲਾਬੀ ਲਹਿਰ ਅਪਣੇ ਸ਼ਹੀਦਾਂ ਨੂੰ ਹਮੇਸ਼ਾ ਯਾਦ ਰੱਖਦੀ, ਇਸ ਦਾ ਪ੍ਰਮਾਣ ਹੈ ਸੂਬੇ ਵਿੱਚ ਵਧੇ ਹੋਏ ਬੱਸ ਕਿਰਾਏ ਖਿਲਾਫ ਅੰਦੋਲਨ ਵਿੱਚ 21 ਜਨਵਰੀ 1981 ਨੂੰ ਪਿੰਡ ਰੱਲਾ ਵਿਖੇ ਪੁਲਿਸ ਫਾਇਰਿੰਗ ਵਿੱਚ ਸ਼ਹੀਦ ਹੋਏ ਕਾਮਰੇਡ ਲਾਭ ਸਿੰਘ ਦੀ ਇਥੇ ਪੈਨਸ਼ਨਰਜ਼ ਭਵਨ ਵਿਖੇ ਉਤਸ਼ਾਹ ਪੂਰਵਕ ਮਨਾਈ ਗਈ ਪੰਤਾਲੀਵੀਂ ਬਰਸੀ। ਇਸ ਮੌਕੇ ਯਾਦਗਾਰ ਕਮੇਟੀ ਵਲੋਂ ਸ਼ਹੀਦ ਲਾਭ ਸਿੰਘ ਦੀ ਜੀਵਨ ਸਾਥਣ ਅੰਗਰੇਜ਼ ਕੌਰ ਨੂੰ ਸਨਮਾਨਿਤ ਵੀ ਕੀਤਾ ਗਿਆ।

ਸ਼ਹੀਦ ਲਾਭ ਸਿੰਘ ਯਾਦਗਾਰ ਕਮੇਟੀ ਮਾਨਸਾ ਵਲੋਂ ਕਾਮਰੇਡ ਲਾਭ ਸਿੰਘ ਦੇ ਸ਼ਹਾਦਤ ਦਿਵਸ ਨੂੰ ਇਕ ਕਨਵੈਨਸ਼ਨ ਦੇ ਰੂਪ ਵਿੱਚ ਮਨਾਇਆ ਗਿਆ। ਇਸ ਕਨਵੈਨਸ਼ਨ ਦੌਰਾਨ ਵਿਸ਼ਾ ਮਾਹਿਰਾਂ ਅਤੇ ਪ੍ਰਮੁੱਖ ਆਗੂਆਂ ਵਲੋਂ ਹਾਜ਼ਰੀਨ ਨੂੰ ਪੰਜ ਵਿਸ਼ਿਆਂ ਬਾਰੇ ਵਿਸਥਾਰ ਵਿੱਚ ਜਾਣਕਾਰੀ ਪ੍ਰਦਾਨ ਕੀਤੀ। ਮਹਿਮਾਨ ਬੁਲਾਰੇ ਇੰਜੀ. ਦਰਸ਼ਨ ਸਿੰਘ ਭੁੱਲਰ ਰਿਟਾ. ਡਿਪਟੀ ਚੀਫ਼ ਇੰਜੀਨੀਅਰ ਪੀਐਸਪੀਸੀਐਲ ਨੇ ਬਿਜਲੀ ਸੋਧ ਬਿੱਲ ਬਾਰੇ, ਸੁਖਦਰਸ਼ਨ ਸਿੰਘ ਨੱਤ ਆਗੂ ਸੀਪੀਆਈ ਐਮ ਐਲ ਲਿਬਰੇਸ਼ਨ ਨੇ ਮਨਰੇਗਾ ਦੀ ਜਗ੍ਹਾ ਲਿਆਂਦੇ ਨਵੇਂ ਕਾਨੂੰਨ 'ਵਿਕਸਤ ਭਾਰਤ - ਗ੍ਰਾਮੀਣ ਰੁਜ਼ਗਾਰ ਤੇ ਆਜੀਵਿਕਾ ਮਿਸ਼ਨ' ਬਾਰੇ, ਸੁਖਦੇਵ ਸਿੰਘ ਭੁਪਾਲ ਆਗੂ ਐਨਐਚਸੀਪੀਐਮ ਨੇ ਅਰਾਵਲੀ ਪਰਬਤ ਮਾਲਾ ਅਤੇ ਵਾਤਾਵਰਨ ਦੇ ਵਿਨਾਸ਼ ਬਾਰੇ, ਡਾਕਟਰ ਦਰਸ਼ਨ ਪਾਲ ਪ੍ਰਧਾਨ ਕ੍ਰਾਂਤੀਕਾਰੀ ਕਿਸਾਨ ਯੂਨੀਅਨ ਨੇ ਨਵੇਂ ਬੀਜ ਐਕਟ ਬਾਰੇ ਅਤੇ ਮੁਖਤਿਆਰ ਸਿੰਘ ਪੂਹਲਾ ਆਗੂ ਇਨਕਲਾਬੀ ਕੇਂਦਰ ਪੰਜਾਬ ਨੇ ਨਵੀਂ ਸਿੱਖਿਆ ਨੀਤੀ ਬਾਰੇ ਵਿਸਥਾਰ ਨਾਲ ਚਾਨਣਾ ਪਾਇਆ। ਸਾਰੇ ਬੁਲਾਰਿਆਂ ਦਾ ਸਾਂਝਾ ਮੱਤ ਸੀ ਕਿ ਪੁਰਾਣੇ ਕਾਨੂੰਨਾਂ ਵਿੱਚ ਜੋ ਕੁਝ ਵੀ ਲੋਕਾਈ ਦੇ ਪੱਖ ਵਿੱਚ ਸੀ, ਮੋਦੀ ਸਰਕਾਰ ਉਨ੍ਹਾਂ ਮੱਦਾਂ ਨੂੰ ਖ਼ਾਰਜ ਕਰਕੇ ਉਨਾਂ ਕਾਨੂੰਨਾਂ ਨੂੰ ਕਾਰਪੋਰੇਟ ਕੰਪਨੀਆਂ ਦੇ ਪੱਖ ਵਿੱਚ ਨਵੇਂ ਸਿਰੇ ਤੋਂ ਘੜ ਰਹੀ ਹੈ। ਇੰਜੀ: ਦਰਸ਼ਨ ਸਿੰਘ ਭੁੱਲਰ ਨੇ ਇਥੇ ਬੋਲਦਿਆਂ ਕਿਹਾ ਕਿ ਬਿਜਲੀ ਖੇਤਰ ਦਾ ਨਿੱਜੀਕਰਨ ਦਰਅਸਲ ਸੰਸਾਰ ਬੈਂਕ ਦਾ ਅਜੰਡਾ ਹੈ, ਜਦੋਂ ਕਿ ਇਹ ਪਹਿਲਾਂ ਹੀ 13 ਦੇਸ਼ਾਂ ਵਿੱਚ ਬੁਰੀ ਤਰ੍ਹਾਂ ਅਸਫਲ ਹੋ ਚੁੱਕਾ ਹੈ। ਸਰਕਾਰ ਪੰਜ ਸਾਲਾਂ ਵਿਚ ਕਰਾਸ ਸਬਸਿਡੀ ਪੂਰੀ ਤਰ੍ਹਾਂ ਖ਼ਤਮ ਕਰ ਦੇਵੇਗੀ, ਸਿੱਟੇ ਵਜੋਂ ਘਰੇਲੂ ਬਿਜਲੀ ਦਾ ਰੇਟ ਵੀ ਕਮਰਸੀਅਲ ਬਿਜਲੀ ਦੇ ਬਰਾਬਰ ਹੋਣ ਕਰਕੇ ਬਿਜਲੀ ਮਹਿੰਗੀ ਹੋ ਜਾਵੇਗੀ। ਉਨ੍ਹਾਂ ਦਸਿਆ ਕਿ ਮੋਦੀ ਸਰਕਾਰ ਵਲੋਂ ਕੋਲਾ ਸਪਲਾਈ ਵਿੱਚ ਪਾਏ ਵੱਡੇ ਵਿਚੋਲਿਆਂ ਕਰਕੇ ਇੰਡੋਨੇਸ਼ੀਆ ਤੋਂ ਸਾਡੇ ਤੱਕ ਪਹੁੰਚਦੇ ਕੋਲੇ ਦੀ ਕੀਮਤ ਵਿੱਚ ਤਿੰਨ ਗੁਣਾ ਵਾਧਾ ਹੋ ਰਿਹਾ ਹੈ। ਉਨ੍ਹਾਂ ਇਹ ਹੈਰਾਨੀਜਨਕ ਤੱਥ ਵੀ ਸਾਂਝਾ ਕੀਤਾ ਕਿ ਦੂਜੇ ਸੂਬਿਆਂ ਤੋਂ ਲਈ ਜਾਣ ਵਾਲੀ ਸੋਲਰ ਬਿਜਲੀ 2.77 ਪੈਸੇ ਪ੍ਰਤੀ ਯੂਨਿਟ ਮਿਲ਼ਦੀ ਹੈ, ਜਦੋਂ ਕਿ ਖੁਦ ਪੰਜਾਬ ਦੇ ਅੰਦਰੋਂ ਇਹ ਪ੍ਰਤੀ ਯੂਨਿਟ 5.29 ਪੈਸੇ ਖਰੀਦੀ ਜਾ ਰਹੀ ਹੈ। ਇਹ ਚਮਤਕਾਰ ਸਰਕਾਰਾਂ ਵਲੋਂ ਕਮਿਸ਼ਨ ਖਾ ਕੇ ਕੀਤੇ ਗ਼ਲਤ ਸੌਦਿਆਂ ਦਾ ਹੀ ਨਤੀਜਾ ਹੈ। ਇਸੇ ਤਰ੍ਹਾਂ ਪ੍ਰਾਈਵੇਟ ਸੋਲਰ ਪਾਵਰ ਪਲਾਂਟਾਂ ਤੋਂ ਮਹਿੰਗੀ ਬਿਜਲੀ ਖਰੀਦਣ ਲਈ ਕੇਂਦਰ ਸਰਕਾਰ ਸੂਬਿਆਂ ਲਈ ਜਬਰੀ ਕੋਟੇ ਤਹਿ ਕਰ ਰਹੀ ਹੈ। ਇਹ ਕੁਝ ਕਰਨ ਲਈ ਹੀ ਕੇਂਦਰੀ ਇਲੈਕਟਰੀਸਟੀ ਕੌਂਸਲ ਵਿੱਚ ਨਾ ਕਿਸੇ ਮਾਹਿਰ ਇੰਜੀਨੀਅਰ ਦੀ ਰਾਏ ਲਈ ਜਾਂਦੀ ਹੈ ਤੇ ਨਾ ਹੀ ਉਨ੍ਹਾਂ ਨੂੰ ਕੌਂਸਿਲ ਵਿੱਚ ਮੈਂਬਰ ਲਿਆ ਜਾਂਦਾ ਹੈ।

ਉੱਘੇ ਕਿਸਾਨ ਆਗੂ ਰੁਲਦੂ ਸਿੰਘ ਮਾਨਸਾ ਨੇ ਸਮੂਹ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਪਿੰਡ ਰੱਲੇ ਦੀ ਲੜਕੀ ਐਡਵੋਕੇਟ ਦਿਲਜੋਤ ਸ਼ਰਮਾ ਦੀ ਭੇਤਭਰੀ ਮੌਤ ਬਾਰੇ ਲੁਧਿਆਣਾ ਪੁਲਿਸ ਵਲੋਂ ਕੇਸ ਦਰਜ ਕਰਕੇ ਦੋਸ਼ੀਆਂ ਨੂੰ ਗ੍ਰਿਫਤਾਰ ਨਾ ਕਰਨ ਦੇ ਰੋਸ ਵਜੋਂ ਕੱਲ ਨੂੰ ਐਸਐਸਪੀ ਮਾਨਸਾ ਦੇ ਦਫ਼ਤਰ ਸਾਹਮਣੇ ਦਿੱਤੇ ਜਾ ਰਹੇ ਰੋਸ ਧਰਨੇ ਵਿੱਚ ਵੱਡੀ ਗਿਣਤੀ ਵਿੱਚ ਹਾਜ਼ਰ ਹੋਣ। ਕਮੇਟੀ ਮੈਂਬਰ ਸੁਰਿੰਦਰ ਪਾਲ ਸ਼ਰਮਾ ਵਲੋਂ ਪੰਜ ਮਤੇ ਪੇਸ਼ ਕਰਕੇ ਪ੍ਰਵਾਨਗੀ ਲਈ ਗਈ। ਇੰਨਾਂ ਮਤਿਆਂ ਵਿਚ ਮੰਗ ਕੀਤੀ ਗਈ ਕਿ ਪੁਲਿਸ ਐਡਵੋਕੇਟ ਦਿਲਜੋਤ ਕੌਰ ਦੀ ਮੌਤ ਬਾਰੇ ਨਿਰਪੱਖਤਾ ਨਾਲ ਜਾਂਚ ਕਰੇ, ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੇ ਆਗੂ ਮੁਕੇਸ਼ ਮਲੌਦ ਨੂੰ ਰਿਹਾਅ ਕੀਤਾ ਜਾਵੇ, ਪੰਜਾਬ ਸਰਕਾਰ ਸੁਆਲ ਪੁੱਛਣ ਬਦਲੇ ਪੱਤਰਕਾਰਾਂ ਤੇ ਐਕਟਵਿਸਟਾਂ ਖਿਲਾਫ ਦਰਜ ਕੇਸ ਵਾਪਸ ਲਵੇ, ਲੋਕ ਆਵਾਜ਼ ਟੀਵੀ ਚੈਨਲ ਦਾ ਫੇਸਬੁੱਕ ਪੇਜ ਬਹਾਲ ਕੀਤਾ ਜਾਵੇ, ਸਿੱਖ ਬੰਦੀਆਂ ਸਮੇਤ ਸਜ਼ਾਵਾਂ ਪੂਰੀਆਂ ਕਰ ਚੁੱਕੇ ਅਤੇ ਉਮਰ ਖ਼ਾਲਿਦ ਵਾਂਗ ਝੂਠੇ ਕੇਸਾਂ ਵਿੱਚ ਜੇਲ੍ਹਾਂ ਵਿੱਚ ਬੰਦ ਸਾਰੇ ਕੈਦੀਆਂ ਨੂੰ ਰਿਹਾਅ ਕੀਤਾ ਜਾਵੇ। ਕਨਵੈਨਸ਼ਨ ਦਾ ਮੰਚ ਸੰਚਾਲਨ ਜਗਰਾਜ ਸਿੰਘ ਰੱਲਾ ਨੇ ਕੀਤਾ। ਇਨਕਲਾਬੀ ਗਾਇਕਾਂ ਅਜਮੇਰ ਅਕਲੀਆ ਅਤੇ ਜਗਦੇਵ ਭੁਪਾਲ ਨੇ ਜ਼ੋਸ਼ੀਲੇ ਗੀਤ ਸੁਣਾ ਕੇ ਮਾਹੌਲ ਨੂੰ ਗਰਮਾਇਆ। ਇਸ ਕਨਵੈਨਸ਼ਨ ਵਿੱਚ ਯਾਦਗਾਰ ਕਮੇਟੀ ਦੇ ਕਨਵੀਨਰ ਹਰਗਿਆਨ ਢਿੱਲੋਂ, ਮਨਿੰਦਰ ਸਿੰਘ, ਕਾਮਰੇਡ ਰਾਜਵਿੰਦਰ ਸਿੰਘ ਰਾਣਾ, ਨਛੱਤਰ ਸਿੰਘ ਖੀਵਾ, ਆਈਡੀਪੀ ਆਗੂ ਕਰਨੈਲ ਸਿੰਘ ਜਖੇਪਲ, ਤਾਰਾ ਚੰਦ ਬਰੇਟਾ, ਭਜਨ ਸਿੰਘ ਘੁੰਮਣ, ਬੀਕੇਯੂ ਡਕੌਂਦਾ ਦੇ ਆਗੂ ਮੱਖਣ ਸਿੰਘ ਭੈਣੀਬਾਘਾ, ਮਨਜੀਤ ਮਾਨ, ਕੌਰ ਸਿੰਘ, ਆਇਸਾ ਆਗੂ ਸੁਖਜੀਤ ਰਾਮਾਨੰਦੀ, ਮਜ਼ਦੂਰ ਮੁਕਤੀ ਮੋਰਚਾ ਦੇ ਬਲਵਿੰਦਰ ਘਰਾਂਗਣਾਂ, ਅਜੈਬ ਸਿੰਘ, ਸੁਖਦੇਵ ਪਾਂਧੀ, ਗੁਰਲਾਭ ਸਿੰਘ, ਡੀਟੀਐਫ ਦੇ ਪ੍ਰਧਾਨ ਅਮੋਲਕ ਡੇਲੂਆਣਾ ਸਮੇਤ ਸੈਂਕੜੇ ਆਗੂ ਤੇ ਵਰਕਰ ਹਾਜ਼ਰ ਸਨ। ਅੰਤ ਵਿੱਚ ਪੈਨਸ਼ਨਰਜ਼ ਐਸੋਸੀਏਸ਼ਨ ਮਾਨਸਾ ਦੇ ਪ੍ਰਧਾਨ ਸਿਕੰਦਰ ਸਿੰਘ ਘਰਾਂਗਣਾਂ ਵਲੋਂ ਸਾਰੇ ਬੁਲਾਰਿਆਂ ਅਤੇ ਸਰੋਤਿਆਂ ਦਾ ਧੰਨਵਾਦ ਕੀਤਾ ਗਿਆ।

# ਮਾਮਲਾ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਨਵੇਂ ਪ੍ਰਧਾਨ ਦੀ ਨਿਯੁਕਤੀ ਦਾ

## ਪੰਜਾਬ ਕਾਂਗਰਸ ਦੀ ਪ੍ਰਧਾਨਗੀ ਜੁਝਾਰੂ ਆਗੂ ਭਾਰਤ ਭੂਸ਼ਣ ਆਸ਼ੂ ਨੂੰ ਦਿੱਤੀ ਜਾਵੇ - ਗੁਰਚਰਨ ਸਿੰਘ ਖੁਰਾਣਾ

**ਲੁਧਿਆਣਾ (ਕਰਨੈਲ ਸਿੰਘ ਐੱਮ.ਏ.)** ਪੰਜਾਬ ਦੇ ਉੱਘੇ ਸਿਆਸਤਦਾਨ ਤੇ ਸੀਨੀਅਰ ਕਾਂਗਰਸੀ ਆਗੂ ਸਰਪੰਚ ਸ੍ਰ: ਗਰਚਰਨ ਸਿੰਘ ਖੁਰਾਣਾ ਨੇ ਕਾਂਗਰਸ ਪਾਰਟੀ ਦੀ ਹਾਈਕਮਾਂਡ ਨੂੰ ਆਪਣੀ ਜ਼ੋਰਦਾਰ ਅਪੀਲ ਕਰਦਿਆਂ ਹੋਇਆਂ ਕਿਹਾ ਕਿ ਜੇਕਰ ਪੰਜਾਬ ਅੰਦਰ ਕਾਂਗਰਸ ਪਾਰਟੀ ਨੂੰ ਖੇਰੂੰ ਖੇਰੂੰ ਹੋਣ ਤੋਂ ਬਚਾਉਣਾ ਹੈ ਅਤੇ 2027 ਦੀਆਂ ਹੋਣ ਵਾਲੀਆਂ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਅੰਦਰ ਵੱਡੀ ਜਿੱਤ ਦਰਜ ਕਰਵਾਉਣੀ ਹੈ ਤਾਂ ਤਰੁੰਤ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੀ ਪ੍ਰਧਾਨਗੀ ਪਾਰਟੀ ਦੇ ਜੁਝਾਰੂ ਆਗੂ ਸ਼੍ਰੀ ਭਾਰਤ ਭੂਸ਼ਣ ਆਸ਼ੂ ਨੂੰ ਸੌਂਪੀ ਜਾਵੇ । ਅੱਜ ਆਪਣੇ ਗ੍ਰਹਿ ਵਿਖੇ ਵਿਸ਼ੇਸ਼ ਤੌਰ ਤੇ ਗੱਲਬਾਤ ਕਰਦਿਆਂ ਹੋਇਆ ਸਰਪੰਚ ਸ੍ਰ: ਗਰਚਰਨ ਸਿੰਘ ਖੁਰਾਣਾ ਨੇ ਕਿਹਾ ਕਿ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਮੌਜੂਦਾ ਪ੍ਰਧਾਨ ਤੇ ਐਮ.ਪੀ ਰਾਜਾ ਵੜਿੰਗ ਇੱਕ ਗੈਰ ਜ਼ਿੰਮੇਵਾਰ ਪ੍ਰਧਾਨ ਸਾਬਤ ਹੋਏ ਹਨ ਅਤੇ ਉਨ੍ਹਾਂ ਦੇ ਪ੍ਰਧਾਨਗੀ ਕਾਲ ਦੌਰਾਨ ਜਿਨ੍ਹਾਂ ਨੁਕਸਾਨ ਕਾਂਗਰਸ ਪਾਰਟੀ ਨੂੰ ਹੁਣ ਤੱਕ ਉਠਾਉਣਾ ਪੈ ਰਿਹਾ ਹੈ । ਉਹ ਵੀ ਆਪਣੇ ਆਪ ਵਿੱਚ ਇੱਕ ਇਤਿਹਾਸ ਹੈ । ਉਨ੍ਹਾਂ ਨੇ ਰਾਜਾ ਵੜਿੰਗ ਨੂੰ ਆਪਣਾ ਜ਼ੋਰਦਾਰ ਨਿਸ਼ਾਨਾ ਬਣਾਉਦਿਆਂ ਹੋਇਆਂ ਕਿਹਾ ਕਿ ਆਪਣੀਆਂ ਬੇ-ਤੁਕੀਆਂ ਤੇ ਹਾਸੋਹੀਣੀਆਂ ਬਿਆਨਬਾਜੀਆਂ, ਸੀਨੀਅਰ ਟਕਸਾਲੀ ਕਾਂਗਰਸੀ ਆਗੂਆਂ ਤੇ ਵਰਕਰਾਂ ਨਾਲ ਮਤਰੇਈ ਮਾਂ ਵਾਲਾ ਵਰਤਾਉ, ਪਾਰਟੀ ਅੰਦਰ



ਧੜੇਬੰਦੀ ਬਣਾਉਣੀ,ਆਮ ਜਨਤਾ ਤੇ ਹਲਕੇ ਦੇ ਵੋਟਰਾਂ ਤੋਂ ਦੂਰੀ ਬਣਾ ਕੇ ਰੱਖਣਾ, ਸਿੱਧੇ ਰੂਪ ਵਿੱਚ ਕਾਂਗਰਸ ਪਾਰਟੀ ਨੂੰ ਵੱਡੀ ਢਾਹ ਲਗਾਉਣ ਵਾਲੀ ਕਾਰਵਾਈ ਹੈ । ਜਿਸ ਦੇ ਕਾਰਨ ਸੀਨੀਅਰ ਕਾਂਗਰਸੀ ਆਗੂ ਤੇ ਵਰਕਰ ਪੂਰੀ ਤਰ੍ਹਾਂ ਨਿਰਾਸ਼ ਹੋ ਕੇ ਦੂਜੀਆਂ ਪਾਰਟੀਆਂ ਵੱਲ ਲਗਾਤਾਰ ਆਪਣਾ ਮੂੰਹ ਕਰ ਰਹੇ ਹਨ । ਉਨ੍ਹਾਂ ਨੇ ਮੁੜ ਕਾਂਗਰਸ ਪਾਰਟੀ ਦੀ ਹਾਈਕਮਾਂਡ ਨੂੰ ਜ਼ੋਰਦਾਰ ਅਪੀਲ ਕੀਤੀ ਕਿ ਜੇਕਰ ਪੰਜਾਬ ਅੰਦਰ ਕਾਂਗਰਸ ਪਾਰਟੀ ਦੀ ਹੋਂਦ ਨੂੰ ਕਾਇਮ ਰੱਖਣਾ ਹੈ ਅਤੇ ਟਕਸਾਲੀ ਕਾਂਗਰਸੀ ਆਗੂਆਂ ਦਾ ਸਤਿਕ-ਾਰ ਬਹਾਲ ਰੱਖਣਾ ਹੈ ਤਾਂ ਫੌਰੀ ਤੌਰ ਤੇ ਰਾਜਾ ਵੜਿੰਗ ਨੂੰ ਪੰਜਾਬ ਪ੍ਰਦੇਸ਼ ਕਾਂਗਰਸ ਦੀ ਪ੍ਰਧਾਨਗੀ ਤੋਂ ਫਾਰਗ ਕਰਕੇ ਸ਼੍ਰੀ ਭਾਰਤ ਭੂਸ਼ਣ ਆਸ਼ੂ ਵਰਗੇ ਕਾਬਲ ਤੇ ਜੁਝਾਰੂ ਆਗੂ ਨੂੰ ਤਰੁੰਤ ਪਾਰਟੀ ਦਾ ਨਵਾਂ ਪ੍ਰਧਾਨ ਨਿਯੁਕਤ ਕੀਤਾ ਜਾਵੇ ਤਾਂ ਕਿ 2027 ਵਿੱਚ ਹੋਣ ਵਾਲੀਆਂ ਪੰਜਾਬ ਵਿਧਾਨ ਸਭਾ ਦੀ ਚੋਣਾਂ ਅੰਦਰ ਕਾਂਗਰਸ ਪਾਰਟੀ ਭਾਰੀ ਜਿੱਤ ਪ੍ਰਾਪਤ ਕਰ ਸਕੇ ।

for more news visit:
www.samajweekly.com

# ਐਡਵੋਕੇਟ ਦਿਲਜੋਤ ਸ਼ਰਮਾ ਲਈ ਇਨਸਾਫ਼ ਦੀ ਮੰਗ ਨੂੰ ਲੈਕੇ ਐਕਸ਼ਨ ਕਮੇਟੀ ਵੱਲੋਂ 22 ਨੂੰ ਮਾਨਸਾ ਅਤੇ 2 ਫਰਵਰੀ ਨੂੰ ਲੁਧਿਆਣਾ ਵਿਖੇ ਰੋਸ ਵਿਖਾਵਾ ਕਰਨ ਦਾ ਐਲਾਨ

## ਦਰਜਨਾਂ ਜਨਤਕ ਤੇ ਸਿਆਸੀ ਸੰਗਠਨਾਂ ਦੇ ਆਗੂ ਹੋਏ ਦਿਲਜੋਤ ਕੌਰ ਦੀ ਅੰਤਿਮ ਅਰਦਾਸ ਵਿੱਚ ਸ਼ਾਮਲ







**ਮਾਨਸਾ, (ਜਸਵੰਤ ਗਿੱਲ ਸਮਾਲਸਰ)** ਲੁਧਿਆਣਾ ਵਿਖੇ ਸ਼ੱਕੀ ਢੰਗ ਨਾਲ ਮੌਤ ਦਾ ਸ਼ਿਕਾਰ ਹੋਈ ਐਡਵੋਕੇਟ ਲੜਕੀ ਕਾਮਰੇਡ ਦਿਲਜੋਤ ਕੌਰ ਸ਼ਰਮਾ ਦੀ ਅੰਤਮ ਅਰਦਾਸ ਅੱਜ ਗੁਰਦੁਆਰਾ ਸੰਗਤ ਸਰ ਸਾਹਿਬ ਪਿੰਡ ਰੱਲਾ ਵਿਖੇ ਹੋਈ। ਇਸ ਮੌਕੇ ਵੱਖ ਵੱਖ ਪਾਰਟੀਆਂ ਤੇ ਜਥੇਬੰਦੀਆਂ ਦੇ ਆਗੂ ਅਤੇ ਹਜ਼ਾਰਾਂ ਲੋਕ ਹਾਜ਼ਰ ਸਨ। ਇਸ ਮੌਕੇ ਤਖ਼ਤ ਦਮਦਮਾ ਸਾਹਿਬ ਦੇ ਸਾਬਕਾ ਜਥੇਦਾਰ ਗਿਆਨੀ ਕੇਵਲ ਸਿੰਘ, ਲਿਬਰੇਸ਼ਨ ਆਗੂ ਕਾਮਰੇਡ ਸੁਖਦਰਸ਼ਨ ਸਿੰਘ ਨੱਤ, ਪੱਤਰਕਾਰ ਹਮੀਰ ਸਿੰਘ ਅਤੇ ਪੀਐੱਸਯੂ ਦੇ ਸੂਬਾ ਪ੍ਰਧਾਨ ਰਣਬੀਰ ਸਿੰਘ ਰੰਧਾਵਾ ਨੇ ਸੰਬੋਧਨ ਕੀਤਾ। ਬੁਲਾਰਿਆਂ ਨੇ ਦਸਿਆ ਕਿ ਪਰਿਵਾਰ ਵਲੋਂ ਸ਼ੁਰੂ ਤੋਂ ਦਿਲਜੋਤ ਕੌਰ ਦੀ ਮੌਤ ਦੇ ਮਾਮਲੇ ਵਿੱਚ ਕੇਸ ਦਰਜ ਕਰਨ ਦੀ ਮੰਗ ਕਰਨ ਦੇ ਬਾਵਜੂਦ ਦੋ ਹਫ਼ਤੇ ਗੁਜ਼ਰ ਜਾਣ ਤੇ ਵੀ ਲੁਧਿਆਣਾ ਪੁਲਿਸ ਵਲੋਂ ਹਾਲੇ ਤੱਕ ਐਫਆਈਆਰ ਵੀ ਦਰਜ ਨਹੀਂ ਕੀਤੀ ਗਈ। ਜਿਸ ਤੋਂ ਪੁਲਿਸ ਦੀ ਮਨਸ਼ਾ ਬਾਰੇ ਗੰਭੀਰ ਖਦਸ਼ਾ ਖੜ੍ਹਾ ਹੋ ਰਿਹਾ ਹੈ। ਇਸ ਲਈ ਐਕਸ਼ਨ ਕਮੇਟੀ ਨੇ 'ਦਿਲਜੋਤ ਲਈ ਇਨਸਾਫ਼' ਦੇ ਨਾਹਰੇ ਤਹਿਤ 22 ਜਨਵਰੀ ਨੂੰ ਐਸ ਐਸ ਪੀ ਮਾਨਸਾ ਸਾਹਮਣੇ ਅਤੇ 2 ਫਰਵਰੀ ਨੂੰ ਪੁਲਿਸ ਕਮਿਸ਼ਨਰ ਲੁਧਿਆਣਾ ਸਾਹਮਣੇ ਰੋਸ ਪ੍ਰਦਰਸ਼ਨ ਕਰਨ ਦਾ ਐਲਾਨ ਕੀਤਾ ਹੈ। ਕਮੇਟੀ ਨੇ ਸਮੂਹ ਇਨਸਾਨ ਪਸੰਦ ਜਥੇਬੰਦੀਆਂ ਅਤੇ ਵਿਅਕਤੀਆਂ ਨੂੰ ਇੰਨਾਂ ਪ੍ਰਦਰਸ਼ਨਾਂ ਵਿੱਚ ਸ਼ਾਮਲ ਹੋਣ ਦੀ ਅਪੀਲ ਕੀਤੀ ਹੈ। ਇਸ ਤੋਂ ਇਲਾਵਾ ਐਕਸ਼ਨ ਕਮੇਟੀ ਡੀਜੀਪੀ ਪੰਜਾਬ ਨੂੰ ਵੀ ਮਿਲ ਕੇ ਕਾਰਵਾਈ ਦੀ ਮੰਗ ਕਰੇਗੀ ਅਤੇ ਜ਼ਰੂਰਤ ਪੈਣ ਤੇ ਹਾਈਕੋਰਟ ਤੱਕ ਵੀ ਪਹੁੰਚ ਕਰਕੇ ਇਨਸਾਫ਼ ਦੀ ਮੰਗ ਕਰੇਗੀ। ਅੰਤਮ ਅਰਦਾਸ ਮੌਕੇ ਆਰ ਐਮ ਪੀ ਆਈ ਆਗੂ ਪ੍ਰੋ. ਜੈਪਾਲ ਸਿੰਘ, ਸੀਪੀਐਮ ਆਗੂ ਐਡਵੋਕੇਟ ਸਵਰਨਜੀਤ ਦਲਿਓ, ਸੀਪੀਆਈ ਆਗੂ ਕ੍ਰਿਸ਼ਨ ਚੌਹਾਨ, ਪ੍ਰਗਤੀਸ਼ੀਲ ਇਸਤਰੀ ਸਭਾ ਆਗੂ ਜਸਬੀਰ ਕੌਰ ਨੱਤ, ਇਸਤਰੀ ਜਾਗ੍ਰਿਤੀ ਮੰਚ ਆਗੂ ਅਮਨਦੀਪ ਦਿਓਲ, ਰੈਡ ਸਟਾਰ ਆਗੂ ਲਾਭ ਸਿੰਘ ਅਕਲੀਆ, ਨੌਜਵਾਨ ਆਗੂ ਲਵਪ੍ਰੀਤ ਫੈਰੋਕੇ, ਬੀਕੇਯੂ ਡਕੌਂਦਾ (ਧਨੇਰ) ਦੇ ਆਗੂ ਕੁਲਵੰਤ ਸਿੰਘ ਕਿਸ਼ਨਗੜ੍ਹ, ਬੀਕੇਯੂ ਡਕੌਂਦਾ (ਬੁਰਜ ਗਿੱਲ) ਦੇ ਆਗੂ ਮਹਿੰਦਰ ਸਿੰਘ ਭੈਣੀਬਾਘਾ, ਜਮਹੂਰੀ ਕਿਸਾਨ ਸਭਾ ਦੇ ਮਾਸਟਰ ਛੱਜੂ ਰਾਮ ਰਿਸ਼ੀ, ਆਈਡੀਪੀ ਦੇ ਕਰਨੈਲ ਸਿੰਘ ਜਖੇਪਲ, ਕੁਦਰਤ ਮਾਨਵ ਕੇਂਦਰਤ ਲੋਕ ਲਹਿਰ ਦੇ ਸੁਖਦੇਵ ਸਿੰਘ ਭੁਪਾਲ, ਸੋਸ਼ਲਿਸਟ ਪਾਰਟੀ ਆਫ਼ ਇੰਡੀਆ ਦੇ ਹਰਿੰਦਰ ਮਾਨਸ਼ਾਹੀਆ, ਤਰਕਸ਼ ਦੇ ਸੰਪਾਦਕ ਅਵਤਾਰ ਸਿੰਘ ਰਾਏਖਾਨਾ, ਆਇਸਾ ਆਗੂ ਸੁਖਜੀਤ ਰਾਮਾਂਨੰਦੀ, ਮਜ਼ਦੂਰ ਮੁਕਤੀ ਮੋਰਚਾ ਲਿਬਰੇਸ਼ਨ ਦੇ ਆਗੂ ਬਲਵਿੰਦਰ ਘਰਾਂਗਣਾਂ, ਗੁਰਸੇਵਕ ਮਾਨ, ਹਲਕਾ ਮਾਨਸਾ ਦੇ ਵਿਧਾਇਕ ਡਾਕਟਰ ਵਿਜੇ ਸਿੰਗਲਾ, ਬ੍ਰਾਹਮਣ ਸਭਾ ਵਲੋਂ ਹਰਵਿੰਦਰ ਭਾਰਦਵਾਜ, ਲਲਕਾਰ ਧੜੇ ਦੇ ਸਰਗਰਮ ਵਰਕਰ ਰਹਿ ਚੁੱਕੇ ਕਲਪਨਾ, ਵਰੁਣ ਕੁਮਾਰ , ਦਲਿਤ ਤੇ ਮਜ਼ਦੂਰ ਮੁਕਤੀ ਮੋਰਚਾ ਦੇ ਜਗਰਾਜ ਸਿੰਘ ਟੱਲੇਵਾਲ, ਪੈਨਸ਼ਨਰ ਐਸੋਸੀਏਸ਼ਨ ਦੇ ਆਗੂ ਮਨਿੰਦਰ ਸਿੰਘ ਜਵਾਹਰਕੇ, ਤਰਕਸ਼ੀਲ ਆਗੂ ਮੇਘ ਰਾਜ ਰੱਲਾ, ਸਿਮਰਜੀਤ ਸਿੰਘ ਖੀਵਾ, ਏਆਈਐਸਐਫ ਦੇ ਆਗੂ ਰਜਿੰਦਰ ਸਮੇਤ ਹੋਰ ਬਹੁਤ ਸਾਰੇ ਲੇਖਕ ਤੇ ਸਰਗਰਮ ਆਗੂ ਸ਼ਾਮਲ ਸਨ। ਅੰਤ ਵਿੱਚ ਦਿਲਜੋਤ ਕੌਰ ਦੀ ਦੁਖੀ ਮਾਂ ਵੀਰਪਾਲ ਕੌਰ ਤੇ ਸਮੁੱਚੇ ਪਰਿਵਾਰ ਨੇ ਗੁਹਾਰ ਲਾਈ ਕਿ ਸਾਰੀਆਂ ਇਨਸਾਫ਼ ਪਸੰਦ ਸ਼ਕਤੀਆਂ ਨੂੰ ਉਨ੍ਹਾਂ ਦੀ ਬੇਟੀ ਨੂੰ ਇਨਸਾਫ ਦਿਵਾਉਣ ਲਈ ਪਰਿਵਾਰ ਨੂੰ ਸਹਿਯੋਗ ਦੇਣ । ਪਰਿਵਾਰ ਨੇ ਜਮਹੂਰੀ ਅਧਿਕਾਰ ਸਭਾ ਪੰਜਾਬ ਨੂੰ ਵੀ ਅਪੀਲ ਕੀਤੀ ਹੈ ਕਿ ਉਹ ਇਸ ਮਾਮਲੇ ਦੀ ਨਿਰਪੱਖਤਾ ਨਾਲ ਪੜਤਾਲ ਕਰਨ।

# ਸ਼੍ਰੋਮਣੀ ਭਗਤ ਗੁਰੂ ਰਵਿਦਾਸ ਜੀ ਦੇ ਆਗਮਨ ਪੁਰਬ ਤੇ 1 ਫ਼ਰਵਰੀ ਨੂੰ ਖ਼ੂਨਦਾਨ ਕੈਂਪ ਲਾਇਆ ਜਾਵੇਗਾ- ਮੈਨੇਜਰ ਜਸਵਿੰਦਰ ਸਿੰਘ

## ਖ਼ੂਨ ਦਾ ਇੱਕ-ਇੱਕ ਕਤਰਾ ਲੋੜਵੰਦ ਮਰੀਜ਼ਾਂ ਨੂੰ ਨਿਸ਼ਕਾਮ ਰੂਪ ਵਿੱਚ ਲੈ ਕੇ ਦਿੱਤਾ ਜਾਵੇਗਾ- ਜੱਥੇ: ਨਿਮਾਣਾ

**ਲੁਧਿਆਣਾ (ਕਰਨੈਲ ਸਿੰਘ ਐੱਮ.ਏ.)** ਸ਼੍ਰੀ ਗੁਰੂ ਹਰਿਗੋਬਿੰਦ ਸਾਹਿਬ ਸੇਵਾ ਸੁਸਾਇਟੀ ਦੀ ਮੀਟਿੰਗ ਸਰਪ੍ਰਸਤ ਜਸਵੰਤ ਸਿੰਘ ਡੇਹਲੋਂ ਅਤੇ ਮੁੱਖ ਸੇਵਾਦਾਰ ਜਸਵਿੰਦਰ ਸਿੰਘ ਦੀ ਪ੍ਰਧਾਨਗੀ ਹੇਠ ਗੁਰਦੁਆਰਾ ਦਮਦਮਾ ਸਾਹਿਬ,ਪਾਤਸ਼ਾਹੀ ਛੇਵੀਂ ਡੇਹਲੋਂ ਵਿਖੇ ਹੋਈ। ਇਸ ਮੌਕੇ ਤੇ ਜਥੇਦਾਰ ਤਰਨਜੀਤ ਸਿੰਘ ਨਿਮਾਣਾ ਮੁੱਖ ਸੇਵਾਦਾਰ ਭਾਈ ਘਨੱਈਆ ਜੀ ਮਿਸ਼ਨ ਸੇਵਾ ਸੁਸਾਇਟੀ ਮੀਟਿੰਗ ਵਿੱਚ ਵਿਸ਼ੇਸ਼ ਤੌਰ ਤੇ ਸ਼ਾਮਿਲ ਹੋਏ। ਇਸ ਸਮੇਂ ਸਾਹਿਬ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਸੇਵਾ ਸੋਸਾਇਟੀ ਦੇ ਪ੍ਰਧਾਨ ਜਸਵਿੰਦਰ ਸਿੰਘ ਨੇ ਦੱਸਿਆ ਕਿ ਗੁਰਦੁਆਰਾ ਦਮਦਮਾ ਸਾਹਿਬ ਪਾਤਸ਼ਾਹੀ ਛੇਵੀਂ ਡੇਹਲੋਂ ਵਿਖੇ ਸ਼੍ਰੋਮਣੀ ਭਗਤ ਗੁਰੂ ਰਵਿਦਾਸ ਮਹਾਰਾਜ ਜੀ ਦਾ ਪ੍ਰਕਾਸ਼ ਪੁਰਬ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਜਾ ਰਿਹਾ ਹੈ ਇਸ ਮੌਕੇ ਤੇ ਜਥੇਦਾਰ ਤਰਨਜੀਤ ਸਿੰਘ ਨਿਮਾਣਾ ਮੁੱਖ ਸੇਵਾਦਾਰ ਭਾਈ ਘਨੱਈਆ ਜੀ ਮਿਸ਼ਨ ਸੇਵਾ ਸੁਸਾਇਟੀ ਦੇ ਸਹਿਯੋਗ ਦੇ ਨਾਲ ਸ਼੍ਰੋਮਣੀ ਭਗਤ ਗੁਰੂ ਰਵਿਦਾਸ ਮਹਾਰਾਜ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਸ਼੍ਰੀ ਗੁਰੂ ਹਰਿਗੋਬਿੰਦ ਸਾਹਿਬ ਸੇਵਾ ਸੁਸਾਇਟੀ ਵੱਲੋਂ ਦੂਜਾ ਮਹਾਨ ਖ਼ੂਨਦਾਨ ਕੈਂਪ ਮਿਤੀ 1 ਫ਼ਰਵਰੀ ਦਿਨ ਐਤਵਾਰ ਨੂੰ ਸਵੇਰੇ 9 ਵਜੇ ਤੋਂ ਲੈ ਕੇ ਸ਼ਾਮ ਦੇ 4 ਵਜੇ ਤੱਕ ਗੁਰਦੁਆਰਾ ਦਮਦਮਾ ਸਾਹਿਬ ਪਾਤਸ਼ਾਹੀ ਛੇਵੀਂ, ਡੇਹਲੋਂ ਵਿਖੇ ਸਮੂਹ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ ਲਗਾਇਆ ਜਾਵੇਗਾ। ਇਸ ਮੌਕੇ ਤੇ ਜਥੇਦਾਰ ਤਰਨਜੀਤ ਸਿੰਘ ਨਿਮਾਣਾ ਨੇ ਦੱਸਿਆ ਉਨ੍ਹਾਂ ਦੀ ਸੁਸਾਇਟੀ ਵੱਲੋਂ ਖ਼ੂਨਦਾਨ ਕੈਂਪਾਂ ਰਾਹੀਂ ਇਕੱਤਰ ਕੀਤਾ ਜਾਂਦਾ ਖ਼ੂਨ ਦਾ ਇੱਕ-ਇੱਕ ਕਤਰਾ ਲੋੜਵੰਦ ਮਰੀਜ਼ਾਂ ਨੂੰ ਨਿਸ਼ਕਾਮ ਰੂਪ ਵਿੱਚ ਲੈ ਕੇ ਦਿੱਤਾ ਜਾਂਦਾ ਹੈ । ਇਸ ਮੌਕੇ ਤੇ ਜਸਵਿੰਦਰ ਸਿੰਘ ਪ੍ਰਧਾਨ ਸ਼੍ਰੀ ਗੁਰੂ ਹਰਗੋਬਿੰਦ ਸਾਹਿਬ ਸੇਵਾ ਸੁਸਾਇਟੀ ਨੇ ਸਮੂਹ ਨਗਰ ਨਿਵਾਸੀਆਂ, ਸਮਾਜ ਸੇਵੀਆਂ,ਅਤੇ ਨੌਜਵਾਨਾਂ ਅਪੀਲ ਕੀਤੀ ਹਸਪਤਾਲਾਂ ਵਿੱਚ ਜ਼ਿੰਦਗੀ ਤੇ ਮੌਤ ਦੀ ਲੜਾਈ ਲੜ ਰਹੇ ਮਰੀਜ਼ਾਂ ਦੀਆਂ ਜ਼ਿੰਦਗੀਆਂ ਨੂੰ ਬਚਾਉਣ ਲਈ ਵੱਧ ਤੋਂ ਵੱਧ ਖ਼ੂਨਦਾਨ ਕਰਕੇ ਸਹਿਯੋਗ ਕਰੋ ਅਤੇ ਗੁਰੂ ਸਾਹਿਬ ਦੀਆਂ ਅਸੀਸਾਂ ਦੇ ਪਾਤਰ ਬਣੋ। ਇਸ ਮੌਕੇ ਤੇ ਸਰਬਜੀਤ ਸਿੰਘ ਕੰਬੋਜ, ਜਗਦੀਪ ਸਿੰਘ ਲਾਡੀ, ਰਜਿੰਦਰ ਸਿੰਘ ਮੀਤ ਪ੍ਰਧਾਨ, ਓਮ ਪ੍ਰਕਾਸ਼, ਪੁਸਪਿੰਦਰ ਚੀਮਾ, ਜਗਜੀਤ ਸਿੰਘ, ਅੰਮ੍ਰਿਤਪਾਲ ਸਿੰਘ, ਹਰਵਿੰਦਰ ਸਿੰਘ ਹਾਜ਼ਰ ਸਨ ।



ਤਸਵੀਰ ਵਿਚ ਪ੍ਰੈਸ ਨੂੰ ਜਾਣਕਾਰੀ ਦਿੰਦੇ ਹੋਏ ਪ੍ਰਧਾਨ ਜਸਵਿੰਦਰ ਸਿੰਘ, ਜਥੇਦਾਰ ਤਰਨਜੀਤ ਸਿੰਘ ਨਿਮਾਣਾ, ਜਸਵੰਤ ਸਿੰਘ ਡੇਹਲੋਂ ਅਤੇ ਹੋਰ

# ਸੇਂਟ ਜੋਸਫ ਪਬਲਿਕ ਸਕੂਲ ਦੇ ਪ੍ਰਿੰਸੀਪਲ ਸ਼ਿਸਟਰ ਚਿਸਲੇ ਜਿ ਨੂੰ ਪੁਸਤਕਾਂ ਦਾ ਬੰਡਲ ਭੇਂਟ





**ਬੰਗਾ( ਚਰਨਜੀਤ ਸੱਲ੍ਹਾਂ )** ਖੇਡ ਲੇਖਕ ਸਰਬਜੀਤ ਮੰਗੂਵਾਲ ਕੁੱਝ ਦਿਨ ਪਹਿਲਾਂ ਫਗਵਾੜਾ ਰੋਡ ਪਿੰਡ ਮੱਲ੍ਹ ਪੋਤਾ ਦੇ ਨਜ਼ਦੀਕ ਸੇਂਟ ਜੋਸਫ ਪਬਲਿਕ ਸਕੂਲ ਦੀ ਵਿਜ਼ਿਟ ਕਰਨ ਲਈ ਗਏ। ਉਹ ਸਕੂਲ ਦੇ ਸਟਾਫ ਮੈਂਬਰ ਪ੍ਰੋ ਹਰਮੇਸ਼ ਗਹੌਰੀਆ ਪ੍ਰਸਿੱਧ ਗਾਇਕ ਦੇ ਸਹਿਯੋਗ ਨਾਲ ਫਿਰ ਸ਼ਿਸਟਰ ਚਿਸਲੇ ਜਿ ਨੂੰ ਮਿਲੇ। ਸਰਬਜੀਤ ਮੰਗੂਵਾਲ ਨੇ ਦੱਸਿਆ ਕਿ ਸਿਸਟਰ ਸਿਸਲੀ ਜੀ ਬਹੁਤ ਹੀ ਮਿਲਣਸਾਰ, ਹਲੀਮ ਬੋਲਬਾਣੀ ਅਤੇ ਠੰਡੇ ਸੁਭਾਅ ਦੇ ਮਾਲਕ ਹਨ। ਉਨ੍ਹਾਂ ਕਿਹਾ, "ਸਕੂਲ ਦੇ ਸ਼ਾਂਤ ਵਾਤਾਵਰਣ ਤੋਂ ਮੈਂ ਬਹੁਤ ਪ੍ਰਭਾਵਿਤ ਹੀ ਹੋਇਆ ਹਾਂ।" ਚਾਹ-ਪਾਣੀ ਪੀਣ ਉਪਰੰਤ ਉਨ੍ਹਾਂ ਨੇ ਆਪਣੀ 'ਫੁੱਟਬਾਲ ਦੇ ਅੰਗ-ਸੰਗ' ਬੋਕਸ ਦਾ ਬੰਡਲ ਸਕੂਲ ਲਾਇਬ੍ਰੇਰੀ ਵਿੱਚ ਰੱਖਣ ਲਈ ਦਿੱਤਾ। ਇਸ ਤੋਂ ਬਾਅਦ personal ਤੌਰ ਤੇ Pirnicpal Sister ਚਿਸਲੇ ਜਿ ਅਤੇ ਮਸ਼ਹੂਰ ਪੰਜਾਬੀ ਗਾਇਕ ਪ੍ਰੋ ਹਰਮੇਸ਼ ਗਹੌਰ ਜੀ ਨੂੰ ਵੀ ਕਿਤਾਬਾਂ ਭੇਂਟ ਕੀਤੀਆਂ।

# ਦਵਾਈਆਂ ਟੀਕੇ ਦੇ ਵੱਧ ਪੈਸੇ ਵਸੂਲਣ ਖ਼ਿਲਾਫ਼ ਮਰੀਜ਼ ਦੇ ਪਰਿਵਾਰਿਕ ਮੈਂਬਰਾਂ ਦਾ ਨਿੱਜੀ ਹਸਪਤਾਲ ਦੇ ਬਾਹਰ ਧਰਨਾ

**● ਹਸਪਤਾਲ ਦੀ ਲੁੱਟ ਖਿਲਾਫ ਪ੍ਰਸ਼ਾਸ਼ਨ ਬਣਦੀ ਕਾਰਵਾਈ ਕਰੇ – ਜਸਦੀਪ ਸਿੰਘ ਕਾਉਂਕੇ ● ਮਰੀਜ਼ ਨੂੰ ਦਵਾਇਆਂ ਵਿੱਚ ਪਹਿਲਾਂ ਹੀ ਛੋਟ ਦਿੱਤੀ ਗਈ ਹੈ – ਹਸਪਤਾਲ ਪ੍ਰਬੰਧਕ**

**ਲੁਧਿਆਣਾ (ਕਰਨੈਲ ਸਿੰਘ ਐੱਮ.ਏ.)** ਸਥਾਨਕ ਸੁਭਾਸ਼ ਨਗਰ, ਬਸਤੀ ਜੋਧੇਵਾਲ ਦੇ ਇੱਕ ਪ੍ਰਾਈਵੇਟ ਹਸਪਤਾਲ ਦੇ ਬਾਹਰ ਮਰੀਜ਼ ਦੇ ਰਿਸ਼ਤੇਦਾਰਾਂ ਅਤੇ ਯੂਥ ਅਕਾਲੀ ਦਲ ਆਗੂ ਜਸਦੀਪ ਸਿੰਘ ਕਾਉਂਕੇ ਨੂੰ ਲੈ ਕੇ ਧਰਨਾ ਦੇ ਦਿੱਤਾ। ਪ੍ਰਦਰਸ਼ਨਕਾਰੀਆਂ ਦਾ ਕਹਿਣਾ ਹੈ ਕਿ ਮਰੀਜ਼ ਤੋਂ ਪੰਜ ਸੌ ਰੁਪਏ ਦੇ ਟੀਕੇ ਦੇ 7500 ਰੁਪਏ ਵਸੂਲੇ ਗਏ ਜਦੋਂ ਕਿ ਉਹ ਟੀਕਾ ਬਾਹਰੋਂ 500 ਰੁਪਏ ਦਾ ਮਿਲ ਰਿਹਾ ਹੈ। ਬਾਹਰ ਅਤੇ ਹਸਪਤਾਲ ਦੇ ਅੰਦਰ ਦੇ ਰੇਟਾਂ ਵਿੱਚ ਜ਼ਮੀਨ ਅਸਮਾਨ ਦਾ ਫ਼ਰਕ ਹੈ । ਇਸੇ ਗੱਲ ਨੂੰ ਲੈ ਕੇ ਹਸਪਤਾਲ ਪ੍ਰਬੰਧਕਾਂ ਨਾਲ ਬਹਿਸ ਵਧੀ ਅਤੇ ਹਸਪਤਾਲ ਦੇ ਬਾਹਰ ਧਰਨਾ ਲਗਾ ਦਿੱਤਾ ਗਿਆ। ਦੇਖਦਿਆਂ ਹੀ ਦੇਖਦਿਆਂ ਧਰਨੇ



ਵਿੱਚ ਭੀੜ ਬਹੁਤ ਵੱਧ ਗਈ । ਪਰਿਵਾਰ ਅਤੇ ਧਰਨੇ ਦੇ ਮੁਖੀ ਮੁੱਖ ਆਗੂ ਜਸਦੀਪ ਸਿੰਘ ਕਾਉਂਕੇ ਦਾ ਕਹਿਣਾ ਹੈ ਕਿ ਜਿੰਨੀ ਦੇਰ ਪ੍ਰਸ਼ਾਸਨ ਇਸ ਹਸਪਤਾਲ ਵਿਰੁੱਧ ਮਨਮਾਨੀਆਂ ਦੀ ਕਾਰਵਾਈ ਨਹੀਂ ਕਰਦਾ ਅਤੇ ਗ਼ਰੀਬ ਜਨਤਾ ਦੀ ਲੁੱਟ ਇਸ ਹਸਪਤਾਲ ਵੱਲੋਂ ਬੰਦ ਨਹੀਂ ਹੁੰਦੀ ਓਨੀ ਦੇਰ ਤੱਕ ਧਰਨਾ ਜਾਰੀ ਰਹੇਗਾ। ਓਧਰ ਹਸਪਤਾਲ ਦੇ ਮੈਨੇਜਰ ਅਖਿਲੇਸ਼ ਦਾ ਕਹਿਣਾ ਹੈ ਕਿ ਅਸੀਂ ਮਰੀਜ਼ ਨੂੰ ਦਵਾਈਆਂ ਤੇ 30 ਫੀਸਦੀ ਛੋਟ ਦਿੱਤੀ ਹੈ। ਬਾਹਰ ਦਵਾਈਆਂ ਕੀ ਭਾਅ ਮਿਲਦੀਆਂ ਹਨ ਸਾਨੂੰ ਨਹੀਂ ਪਤਾ, ਜੇ ਕੋਈ ਸ਼ਿਕਾਇਤ ਹੈ ਤਾਂ ਸਾਡੇ ਨਾਲ ਗੱਲ ਕੀਤੀ ਜਾ ਸਕਦੀ ਹੈ ਜਾਂ ਸੰਬੰਧਿਤ ਸਰਕਾਰੀ ਅਧਿਕਾਰੀ ਕੋਲ ਸਾਡੀ ਸ਼ਿਕਾਇਤ ਕੀਤੀ ਜਾਵੇ। ਉਹਨਾਂ ਆਖਿਆ ਕਿ ਅਜੇ ਮਰੀਜ਼ ਦੇ ਹਸਪਤਾਲ ਦੀ ਫੀਸ ਅਤੇ ਦਵਾਈਆਂ ਦੇ ਪੈਸੇ ਵੀ ਬਕਾਇਆ ਖੜੇ ਹਨ । ਖ਼ਬਰ ਲਿਖੇ ਜਾਣ ਤੱਕ ਧਰਨਾ ਜਾਰੀ ਹੈ।

# ਕੰਗਣੀ ਵਾਲ ਵੇਈਂ ਪੂਲ ਅਤੇ ਨਕੋਦਰ ਰੋਡ ਜਗਰਾਉਂ ਬਣਾਉਣ ਸਬੰਧੀ ਕਿਸਾਨਾਂ ਮਜ਼ਦੂਰਾਂ ਨੇ ਡਿਪਟੀ ਕਮਿਸ਼ਨਰ ਨੂੰ ਮੰਗ ਪੱਤਰ ਸੋਂਪਿਆ

**ਜਲੰਧਰ (ਹਰਜਿੰਦਰ ਸਿੰਘ ਚੰਦੀ )**-ਅੱਜ ਕਿਸਾਨ, ਮਜ਼ਦੂਰ, ਵਿਦਿਆਰਥੀ ਨੌਜਵਾਨਾਂ ਵਲੋਂ ਜੰਡਿਆਲਾ ਤੋਂ ਜਲੰਧਰ ਰੋਡ ਪਿੰਡ ਕੰਗਣੀਵਾਲ ਵੇਈਂ ਤੇ ਪੁਲ ਨੂੰ ਬਣਾਉਣ ਅਤੇ ਨਕੋਦਰ ਤੋਂ ਜਗਰਾਓਂ ਰੋਡ ਨੂੰ ਬਣਾਉਣ ਸਬੰਧੀ ਡਿਪਟੀ ਕਮਿਸ਼ਨਰ ਦੇ ਨਾਮ ਮੁੱਖ ਮੰਤਰੀ ਫੀਲਡ ਅਫ਼ਸਰ ਨਵਦੀਪ ਸਿੰਘ (ਪੀਸੀਐਸ) ਅਧਿਕਾਰੀ ਨੂੰ ਮੰਗ ਪੱਤਰ ਸੌਂਪਿਆ ਗਿਆ।

ਇਸ ਮੌਕੇ ਆਗੂਆਂ ਪ੍ਰੈੱਸ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਜਦੋਂ ਬਹੁਤ ਜ਼ਿਆਦਾ ਬਾਰਿਸ਼ਾਂ ਹੋਈਆਂ ਤਾਂ ਕੰਗਣੀਵਾਲ ਵੇਈਂ ਵਾਲਾ ਪੁਲ ਬਹੁਤ ਨੁਕਸਾਨਿਆਂ ਗਿਆ ਕਈ ਦਿਨ ਰੋਡ ਬੰਦ ਵੀ ਰਿਹਾ। ਉਸ ਸਮੇਂ ਵੇਈਂ ਉਪਰ ਨਵਾਂ ਪੁਲ ਬਣਾਉਣ ਦਾ ਕੰਮ ਸ਼ੁਰੂ ਹੋਇਆ ਪਰ ਉਹ ਅੱਧ ਵਿਚਾਲੇ ਹੀ ਬੰਦ ਕਰ ਦਿੱਤਾ ਗਿਆ। ਜਿਸ ਕਾਰਨ ਹੁਣ ਕਿਸੇ ਸਮੇਂ ਵੀ ਜਾਨੀ ਮਾਲੀ ਨੁਕਸਾਨ ਹੋ ਸਕਦਾ ਹੈ ਜੇਕਰ ਪੁਰਾਣਾ ਪੁਲ ਹੀ ਚੱਲਦਾ ਰਿਹਾ ਤਾਂ।ਇਸ ਲਈ ਨਵੇਂ ਪੁਲ ਦੀ ਉਸਾਰੀ ਤੁਰੰਤ ਸ਼ੁਰੂ ਕਰਵਾਈ ਜਾਵੇ।



**ਜਥੇਬੰਦੀਆਂ ਦੇ ਆਗੂ ਮੁੱਖ ਮੰਤਰੀ ਫੀਲਡ ਅਫ਼ਸਰ ਨੂੰ ਮੰਗ ਪੱਤਰ ਸੌਂਪਦੇ ਹੋਏ।**

ਇਸੇ ਤਰ੍ਹਾਂ ਹੀ ਨਕੋਦਰ ਤੋਂ ਜਗਰਾਓਂ ਰੋਡ ਦੀ ਹਾਲਤ ਵੀ ਤਰਸਯੋਗ ਹੈ ਬਹੁਤ ਜ਼ਿਆਦਾ ਟੋਏ, ਮਿੱਟੀ ਘੱਟੇ ਕਾਰਨ ਲੋਕਾਂ ਦਾ ਨੁਕਸਾਨ ਹੋ ਰਿਹਾ ਹੈ। ਸ਼ਾਹਕੋਟ ਤੇ ਟੋਲ ਲੱਗਣ ਕਾਰਨ ਉਸ ਤੋਂ ਬਹੁਤ ਸਾਰੇ ਭਾਰੀ ਵਾਹਨ ਇਸ ਰੋਡ ਤੋਂ ਲੰਘਣ ਕਾਰਨ ਸੜਕ ਦੀ ਹਾਲਤ ਹੋਰ ਵੀ ਖਸਤਾ ਹੋ ਗਈ ਹੈ। ਮੰਡ ਇਲਾਕੇ ਨੂੰ ਇਹ ਸੜਕ ਜਗਰਾਓਂ ਤੇ ਨਕੋਦਰ ਨਾਲ ਜੋੜਦੀ ਹੈ। ਖਰਾਬ ਸੜਕ ਕਾਰਨ ਐਮਰਜੈਂਸੀ ਵਿੱਚ ਮਰੀਜ਼ਾਂ ਨੂੰ ਹਸਪਤਾਲ ਤੱਕ ਲੈ ਕੇ ਜਾਣਾ ਵੀ ਬੇਹੱਦ ਮੁਸ਼ਕਲ ਹੋ ਜਾਂਦਾ ਹੈ। ਇਸ ਨੂੰ ਤੁਰੰਤ ਬਣਾਇਆ ਜਾਵੇ। ਉਨ੍ਹਾਂ ਪ੍ਰਸ਼ਾਸਨ ਤੇ ਸਰਕਾਰ ਨੂੰ ਚੇਤਾਵਨੀ ਦਿੰਦਿਆਂ ਕਿਹਾ ਕਿ ਜੇਕਰ ਮੰਗਾਂ ਨਾ ਮੰਨੀਆਂ ਗਈਆਂ ਤਾਂ ਇਸ ਖ਼ਿਲਾਫ਼ ਸੰਘਰਸ਼ ਕਰਨਾ ਮਜਬੂਰੀ ਹੋਵੇਗੀ।ਇਸ ਮੌਕੇ ਪੰਜਾਬ ਸਟੂਡੈਂਟਸ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਰਮਨਦੀਪ ਕੌਰ,ਜੁਲੇਖਾ ,ਪੇਂਡੂ ਮਜ਼ਦੂਰ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਹੰਸ ਰਾਜ ਪੱਬਵਾਂ, ਕਿਰਤੀ ਕਿਸਾਨ ਯੂਨੀਅਨ ਦੇ ਪ੍ਰਧਾਨ ਸੰਤੋਖ ਸਿੰਘ ਸੰਧੂ, ਸਮਾਜ ਸੇਵਕ ਤੇ ਸੀਨੀਅਰ ਪੱਤਰਕਾਰ ਬਾਲਕ੍ਰਿਸ਼ਨ ਬਾਲੀ ਨੂਰਮਹਿਲ,ਸੁਰਜੀਤ ਸਿੰਘ ਸਮਰਾ, ਦੇਸ਼ ਭਗਤ ਯਾਦਗਾਰ ਦੇ ਸੀਨੀਅਰ ਟਰੱਸਟੀ ਸੁਰਿੰਦਰ ਕੁਮਾਰੀ ਕੋਛੜ,ਨੌਜਵਾਨ ਭਾਰਤ ਸਭਾ ਦੇ ਆਗੂ ਮੰਗਲਜੀਤ ਪੰਡੋਰੀ, ਨਵਜੋਤ ਸਿਆਣੀਵਾਲ, ਅਜੀਤ ਸਿੰਘ, ਚੰਨਣ ਸਿੰਘ, ਆਦਿ ਹਾਜ਼ਰ ਸਨ।

# ਸੰਤ ਬਾਬਾ ਸੇਵਾ ਸਿੰਘ ਜੀ ਕਾਰ ਸੇਵਾ ਕਿਲ੍ਹਾ ਅਨੰਦਗੜ੍ਹ ਸਾਹਿਬ ਦੀ 44ਵੀਂ ਬਰਸੀ ਸਮਾਗਮ ਮੌਕੇ ਸਵੈ ਇਛੱਕ ਖ਼ੂਨਦਾਨ ਕੈਂਪ ਅਤੇ ਫਰੀ ਮੈਡੀਕਲ ਚੈੱਕ ਕੈਂਪ

**ਬੰਗਾ (ਚਰਨਜੀਤ ਸੱਲ੍ਹਾਂ /ਜਤਿੰਦਰ ਪਾਲ ਸਿੰਘ ਕਲੇਰ)** ਸੇਵਾ ਦੇ ਪੁੰਜ ਸੰਤ ਬਾਬਾ ਸੇਵਾ ਸਿੰਘ ਜੀ ਕਾਰ ਸੇਵਾ ਕਿਲ੍ਹਾ ਅਨੰਦਗੜ੍ਹ ਸਾਹਿਬ ਅਨੰਦਪੁਰ ਸਾਹਿਬ ਦੀ 44ਵੀਂ ਬਰਸੀ ਮੌਕੇ ਬਾਬਾ ਜੀ ਦੀ ਮਿੱਠੀ ਯਾਦ ਨੂੰ ਸਮਰਪਿਤ ਸਵੈਇੱਛਕ ਖ਼ੂਨਦਾਨ ਕੈਂਪ ਅਤੇ ਫਰੀ ਮੈਡੀਕਲ ਕੈਂਪ ਗੁਰੂ ਗੋਬਿੰਦ ਸਿੰਘ ਜੀ ਲੋਹ ਲੰਗਰ ਸਟੋਰ, ਪਿੰਡ ਨੌਰਾ ਵਿਖੇ ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਵੱਲੋਂ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਲਗਾਇਆ ਗਿਆ । ਮੈਡੀਕਲ ਅਤੇ ਖ਼ੂਨਦਾਨ ਕੈਂਪ ਦਾ ਉਦਘਾਟਨ ਸੰਤ ਬਾਬਾ ਸਤਨਾਮ ਸਿੰਘ ਜੀ ਕਾਰ ਸੇਵਾ ਕਿਲ੍ਹਾ ਅਨੰਦਗੜ੍ਹ ਸਾਹਿਬ ਅਤੇ ਸੰਤ ਬਾਬਾ ਗੁਰ-ਬਚਨ ਸਿੰਘ ਜੀ ਪਠਲਾਵੇ ਵਾਲਿਆਂ ਨੇ ਕੀਤਾ । ਫਰੀ ਮੈਡੀਕਲ ਕੈਂਪ ਵਿਚ ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਦੇ ਮਾਹਿਰ ਡਾਕਟਰ ਸਾਹਿਬਾਨ ਵਲੋਂ ਮਰੀਜ਼ਾਂ ਦਾ ਮੁਫਤ ਮੈਡੀਕਲ ਚੈੱਕਐੱਪ ਕੀਤਾ ਗਿਆ । ਮਰੀਜ਼ਾਂ ਨੂੰ ਫਰੀ ਦਵਾਈਆਂ ਪ੍ਰਦਾਨ ਕੀਤੀਆਂ ਗਈਆਂ ਅਤੇ ਸ਼ੂਗਰ ਟੈਸਟ ਵੀ ਕੀਤਾ ਗਿਆ । ਇਸ ਮੌਕੇ ਬਾਬਾ ਸਤਨਾਮ ਸਿੰਘ ਜੀ ਨੇ ਖ਼ੂਨਦਾਨੀਆਂ ਨੂੰ ਯਾਦਚਿੰਨ ਅਤੇ ਸਰਟੀਫਿਕੇਟ ਦੇ ਕੇ ਸਨਮਾਨਿਤ ਕੀਤਾ ਅਤੇ ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਦੇ ਸਮੂਹ ਪ੍ਰਬੰਧਕਾਂ ਤੇ ਮੈਡੀਕਲ ਟੀਮ ਦਾ ਹਾਰਦਿਕ ਧੰਨਵਾਦ ਕੀਤਾ । ਬਾਬਾ ਜੀ ਦੀ ਨਿੱਘੀ ਅਤੇ ਮਿੱਠੀ ਯਾਦ ਨੂੰ



**ਪਿੰਡ ਨੌਰਾ ਵਿਖੇ ਸੰਤ ਬਾਬਾ ਸੇਵਾ ਸਿੰਘ ਜੀ ਕਾਰ ਸੇਵਾ ਕਿਲ੍ਹਾ ਅਨੰਦਗੜ੍ਹ ਸਾਹਿਬ ਦੀ 44ਵੀਂ ਬਰਸੀ ਸਮਾਗਮ ਮੌਕੇ ਲੱਗੇ ਖ਼ੂਨਦਾਨ ਕੈਂਪ ਵਿਚ ਖ਼ੂਨਦਾਨੀਆਂ ਦੀ ਹੌਂਸਲਾ ਅਫਜ਼ਾਈ ਕਰਦੇ ਹੋਏ ਸੰਤ ਬਾਬਾ ਸਤਨਾਮ ਸਿੰਘ ਜੀ ਕਾਰ ਸੇਵਾ ਕਿਲ੍ਹਾ ਅਨੰਦਗੜ੍ਹ ਸਾਹਿਬ, ਸੰਤ ਬਾਬਾ ਗੁਰਬਚਨ ਸਿੰਘ ਜੀ ਪਠਲਾਵਾ, ਕੁਲਵਿੰਦਰ ਸਿੰਘ ਢਾਹਾਂ ਪ੍ਰਧਾਨ ਅਤੇ ਹੋਰ ਸੰਤ ਮਹਾਂਪੁਰਸ਼ ਤੇ ਪਤਵੰਤੇ ਸੱਜਣ।**

ਸਮਰਪਿਤ ਖ਼ੂਨਦਾਨ ਕੈਂਪ ਅਤੇ ਫਰੀ ਮੈਡੀਕਲ ਕੈਂਪ ਵਿਚ ਇਸ ਮੌਕੇ ਸੰਤ ਬਾਬਾ ਭਾਗ ਸਿੰਘ ਨਿਰਮਲ ਕੁਟੀਆ ਕਜਲਾ, ਨਿਰਮਲ ਸਿੰਘ ਪੁੱਤਰ ਸੰਤ ਬਾਬਾ ਸੇਵਾ ਸਿੰਘ ਜੀ, ਜਥੇਦਾਰ ਸੁਖਦੇਵ ਸਿੰਘ ਭੌਰ ਸਾਬਕਾ ਸਕੱਤਰ ਸ਼ਰੋਮਣੀ ਗੁ: ਪ੍ਰਬੰਧਕ ਕਮੇਟੀ, ਕੁਲਵਿੰਦਰ ਸਿੰਘ ਢਾਹਾਂ ਪ੍ਰਧਾਨ ਗੁਰੂ ਨਾਨਕ ਮਿਸ਼ਨ ਮੈਡੀਕਲ ਐਂਡ ਐਜੂਕੇਸ਼ਨਲ ਟਰੱਸਟ ਢਾਹਾਂ ਕਲੇਰਾਂ, ਮਲਕੀਅਤ ਸਿੰਘ ਬਾਹੜੋਵਾਲ ਸਾਬਕਾ ਪ੍ਰਧਾਨ, ਦਰਸ਼ਨ ਸਿੰਘ ਮਾਹਿਲ ਕੈਨੇਡਾ ਸੀਨੀਅਰ ਮੈਂਬਰ ਟਰੱਸਟ, ਬਾਬਾ ਜਰਨੈਲ ਸਿੰਘ ਅਨੰਦਪੁਰ, ਬਾਬਾ ਜਰਨੈਲ ਸਿੰਘ ਨੌਰਾ, ਕਰਮਜੀਤ ਸਿੰਘ ਯੂ ਕੇ (ਦੋਹਤ ਜਵਾਈ ਸੰਤ ਬਾਬਾ ਸੇਵਾ ਸਿੰਘ ਜੀ) ਜਰਨੈਲ ਸਿੰਘ, ਚਰਨਜੀਤ ਸਿੰਘ ਯੂ ਕੇ, ਪਰਮਜੀਤ ਸਿੰਘ ਯੂ ਕੇ, ਧਨਵੰਤ ਸਿੰਘ, ਸੁਖਜਿੰਦਰ ਸਿੰਘ ਪੰਚ, ਸਤਵਿੰਦਰ ਸਿੰਘ ਰਾਜੂ, ਇੰਦਰਜੀਤ ਸਿੰਘ ਨਿਊਜ਼ੀਲੈਂਡ (ਸਾਰੇ ਪੋਤਰੇ ਸੰਤ ਬਾਬਾ ਸੇਵਾ ਸਿੰਘ ਜੀ), ਅਵਿਨਾਸ਼ ਸਿੰਘ (ਪੜਪੋਤਰਾ ਸੰਤ ਬਾਬਾ ਸੇਵਾ ਸਿੰਘ ਜੀ), ਭਾਈ ਜੋਗਾ ਸਿੰਘ, ਡਾ. ਕੁਲਦੀਪ ਸਿੰਘ, ਮਨਜੀਤ ਸਿੰਘ ਬੇਦੀ ਇੰਚਾਰਜ ਬਲੱਡ ਬੈਂਕ ਤੋਂ ਇਲਾਵਾ ਸਮੂਹ ਸੰਤਾ ਦਾ ਪਰਿਵਾਰ, ਗ੍ਰਾਮ ਪੰਚਾਇਤ ਨੌਰਾ ਅਤੇ ਇਲਾਕਾ ਨਿਵਾਸੀ ਸੰਗਤਾਂ ਸ਼ਾਮਿਲ ਹੋਈਆਂ । ਇਸ ਮੌਕੇ ਗੁਰੂ ਕਾ ਲੰਗਰ ਵੀ ਅਤੁੱਟ ਵਰਤਾਇਆ ਗਿਆ ਜੋ ਸੰਗਤਾਂ ਨੇ ਪੰਗਤਾਂ ਵਿਚ ਬੈਠ ਕੇ ਬੜੇ ਸਤਿਕਾਰ ਨਾਲ ਛਕਿਆ ।

# ਜ਼ਿਲ੍ਹਾ ਪੱਧਰੀ ਗਣਤੰਤਰ ਦਿਵਸ ਦੀਆਂ ਤਿਆਰੀਆਂ ਨੂੰ ਲੈ ਕੇ ਹੋਈ ਪਹਿਲੀ ਰਿਹਸਲ

## ਵਧੀਕ ਡਿਪਟੀ ਕਮਿਸ਼ਨਰ (ਪੇਂ.ਵਿ) ਨੇ ਰਿਹਸਲ ਉਪਰੰਤ ਮੀਟਿੰਗ ਕਰਕੇ ਲਿਆ ਤਿਆਰੀਆਂ ਦਾ ਜਾਇਜ਼ਾ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)** ਜ਼ਿਲ੍ਹਾ ਪੱਧਰ 'ਤੇ ਗਣਤੰਤਰ ਦਿਵਸ ਨੂੰ ਧੂਮ ਧਾਮ ਨਾਲ ਮਨਾਉਣ ਲਈ ਡਿਪਟੀ ਕਮਿਸ਼ਨਰ ਅੰਕੁਰਜੀਤ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਆਈ.ਟੀ.ਆਈ ਨਵਾਂਸ਼ਹਿਰ ਦੀ ਗਰਾਊਂਡ ਵਿਖੇ ਪਹਿਲੀ ਰਿਹਰਸਲ ਵਧੀਕ ਡਿਪਟੀ ਕਮਿਸ਼ਨਰ (ਪੇਂ.ਵਿ) ਅਵਨੀਤ ਕੌਰ ਦੀ ਪ੍ਰਧਾਨਗੀ ਹੇਠ ਕਰਵਾਈ ਗਈ। ਜਿਸ ਵਿੱਚ ਐਸ.ਡੀ.ਐਮ. ਨਵਾਂਸ਼ਹਿਰ ਅਨਮਜਯੋਤ ਕੌਰ, ਸਹਾਇਕ ਕਮਿਸ਼ਨਰ ਜਨਰਲ ਜਗਦੀਪ ਸਿੰਘ ਅਤੇ ਵੱਖ-ਵੱਖ ਵਿਭਾਗਾਂ ਦੇ ਜ਼ਿਲ੍ਹਾ ਅਧਿਕਾਰੀ ਹਾਜ਼ਰ ਹੋਏ। ਪਹਿਲੀ ਰਿਹਰਸਲ ਦੀ ਸ਼ੁਰੂਆਤ ਮੌਕੇ ਪੰਜਾਬ ਪੁਲਿਸ, ਐਨ.ਸੀ.ਸੀ. ਦੀਆਂ ਟੁੱਕੜੀਆਂ ਵੱਲੋਂ ਮਾਰਚ ਪਾਸ ਕੀਤਾ ਗਿਆ। ਇਸ ਉਪਰੰਤ ਵੱਖ-ਵੱਖ ਸਕੂਲੀ ਵਿਦਿਆਰਥੀਆਂ ਵੱਲੋਂ ਪੀ.ਟੀ. ਸ਼ੋਅ ਅਤੇ ਦੇਸ਼ ਭਗਤੀ ਗ



ਅਤੇ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਉਹ ਸੌਂਪੀ ਗਈ ਜ਼ਿੰਮੇਵਾਰੀ ਨੂੰ ਤਨਦੇਹੀ ਤੇ ਇਮਾਨਦਾਰੀ ਨਾਲ ਨੇਪਰੇ ਚਾੜ੍ਹਨ ਨੂੰ ਯਕੀਨੀ ਬਣਾਉਣ। ਉਨ੍ਹਾਂ ਨਗਰ ਕੌਂਸਲ ਨੂੰ ਸਾਫ਼-ਸਫ਼ਾਈ, ਜ਼ਿਲ੍ਹਾ ਪ੍ਰੋਗਰਾਮ ਅਫ਼ਸਰ ਨੂੰ ਰੰਗੋਲੀ ਆਦਿ ਜ਼ਿੰਮੇਵਾਰੀ ਸੌਂਪੀ। ਉਨ੍ਹਾਂ ਸਮੂਹ ਵਿਭਾਗਾਂ ਦੇ ਜ਼ਿਲ੍ਹਾ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਉਹ ਜ਼ਿਲ੍ਹਾ ਪੱਧਰੀ ਗਣਤੰਤਰ ਦਿਵਸ ਵਿੱਚ ਆਪਣੀ ਅਤੇ ਆਪਣੇ ਸਟਾਫ਼ ਦੀ ਹਾਜ਼ਰੀ ਨੂੰ ਯਕੀਨੀ ਬਣਾਉਣ। ਉਨ੍ਹਾਂ ਕਿਹਾ ਕਿ ਇਸ ਸਮਾਰੋਹ ਵਿੱਚ ਕਿਸੇ ਵੀ ਕਿਸਮ ਦੀ ਕੋਤਾਹੀ ਬਰਦਾਸ਼ ਨਹੀਂ ਕੀਤੀ ਜਾਵੇ। ਉਨ੍ਹਾਂ ਅਧਿਕਾਰੀਆਂ ਨੂੰ ਯੋਗ ਪ੍ਰਬੰਧ ਨਿਰਧਾਰਤ ਸਮੇਂ ਵਿੱਚ ਪੂਰੇ ਕਰਨ ਦੀ ਹਦਾਇਤ ਕੀਤੀ। ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਪੱਧਰੀ ਗਣਤੰਤਰ ਦਿਵਸ ਦੀਆਂ ਤਿਆਰੀਆਂ ਸਬੰਧੀ ਅਗਲੀ ਰਿਹਰਸਲ 22, 23 ਅਤੇ 24 ਜਨਵਰੀ ਨੂੰ ਫੁੱਲ ਡਰੈੱਸ ਰਿਹਰਸਲ ਹੋਵੇਗੀ।

# ਬੀਕੇਯੂ ਪੰਜਾਬ (ਇਕਾਈ ਜਲੰਧਰ) ਦੀ ਮੀਟਿੰਗ ਧਾਰਿਆ ਰੈਲੀ ਦਾ ਰੂਪ, ਨਵੀਆਂ ਇਕਾਈਆਂ ਗਠਿਤ ਆਗੂ ਥਾਪੇ

## ● ਸੂਬਾ ਅਤੇ ਜ਼ਿਲਾਂ ਪੱਧਰੀ ਅਹੁਦਿਆਂ ਵਿਚ ਵੱਡਾ ਫੇਰ ਬਦਲ ● ਨਕੋਦਰ ਰੋਡ,ਕਿਸਾਨੀ ਅਤੇ ਨਸ਼ਿਆਂ ਦਾ ਮੁੱਦਾ ਗੂੰਜਿਆ

**ਮਹਿਤਪੁਰ (ਹਰਜਿੰਦਰ ਸਿੰਘ ਚੰਦੀ)**-ਭਾਰਤੀ ਕਿਸਾਨ ਯੂਨੀਅਨ ਪੰਜਾਬ ਦੀ ਜਲੰਧਰ ਜਿਲ੍ਹੇ ਦੀ ਇਕਾਈ ਦੀ ਮੀਟਿੰਗ ਅੱਜ ਇਥੇ ਜਥੇਬੰਦੀ ਜਿਲ੍ਹਾ ਪ੍ਰਧਾਨ ਸਰਦਾਰ ਲਖਵੀਰ ਸਿੰਘ ਗੋਬਿੰਦਪੁਰ ਦੇ ਗ੍ਰਹਿ ਵਿਖੇ ਜਥੇਬੰਦ ਸੂਬਾ ਪ੍ਰਧਾਨ ਸਰਦਾਰ ਫਰਮਾਨ ਸਿੰਘ ਸੰਧੂ ਦੀ ਅਗਵਾਈ ਹੇਠ ਹੋਈ ਇਸ ਮੀਟਿੰਗ ਵਿੱਚ ਉਚੇਚੇ ਤੌਰ ਤੇ ਪਹੁੰਚੇ ਸੂਬਾ ਪ੍ਰਧਾਨ ਸਰਦਾਰ ਫਰਮਾਨ ਸਿੰਘ ਸੰਧੂ ਨੇ ਸੰਬੋਧਨ ਕਰਦਿਆਂ ਕਿਹਾ ਕਿ ਪੰਜਾਬ ਵਿੱਚ ਬਹੁਤ ਸਾਰੇ ਕਿਸਾਨੀ ਸਮੱਸਿਆ ਤੋਂ ਇਲਾਵਾ ਸਾਡੇ ਸਮਾਜ ਲਈ ਖਤਰਾ ਬਣੇ ਨਸ਼ੇ ਦੇ ਕੋੜ ਨੂੰ ਖਤਮ ਕਰਕੇ ਨੌਜਵਾਨੀ ਨੂੰ ਬਚਾਉਣਾ ਵੱਡੀ ਚੁਣੌਤੀ ਹੈ ਬਹੁਤ ਜਲਦੀ ਨਕੋਦਰ ਤੋਂ ਜਗਰਾਉ ਰੋਡ ਸੜਕ ਜੋ ਬਹੁਤ ਖਸਤਾ ਹਾਲਤ ਵਿੱਚ ਹੈ ਉਸ ਲਈ ਪ੍ਰਸ਼ਾਸਨ ਨੂੰ ਮਿਲ ਕੇ ਧਿਆਨ ਵਿੱਚ ਲਿਆਂਦਾ ਜਾਵੇਗਾ ਜੇ ਫਿਰ ਵੀ ਸੜਕ ਨਹੀਂ ਸਰਕਾਰ ਬਣਾਉਂਦੀ ਤਾਂ ਇਹ ਸੜਕ ਨੂੰ ਮੁਕੰਮਲ ਤੌਰ ਤੇ ਬੰਦ ਕਰਕੇ ਸਰਕਾਰ ਦਾ ਧਿਆਨ ਇਸ ਇਸ ਸੜਕ ਵੱਲ ਲਿਆਂਦਾ ਜਾਵੇਗਾ ਇਸ ਤੋਂ ਇਲਾਵਾ ਗੁਰਵਿੰਦਰ ਸਿੰਘ ਢਿੱਲੋ ਹਰਦੀਪ ਸਿੰਘ ਕਰਮੂਵਾਲ ਜਿਲਾ ਪ੍ਰਧਾਨ ਫਿਰੋਜ਼ਪੁਰ ਬਾਪੂ ਗੁਰਚਰਨ ਸਿੰਘ ਕੋਰ ਕਮੇਟੀ ਮੈਂਬਰ ,ਦਵਿੰਦਰ ਸਿੰਘ ਕੋਰ ਕਮੇਟੀ ਮੈਂਬਰ, ਜੋਗਿੰਦਰ ਸਿੰਘ ਸੂਬਾ ਮੀਤ ਪ੍ਰਧਾਨ , ਲਖਬੀਰ ਸਿੰਘ ਜ਼ਿਲਾ ਪ੍ਰਧਾਨ





ਜਲੰਧਰ , ਨਵ ਨਿਯੁਕਤ ਸੂਬਾ ਮੀਤ ਪ੍ਰਧਾਨ ਨਰਿੰਦਰ ਸਿੰਘ ਬਾਜਵਾ ਨੇ ਸੰਬੋਧਨ ਕੀਤਾ। ਇਸ ਮੌਕੇ ਲਖਬੀਰ ਸਿੰਘ ਗੋਬਿੰਦਪੁਰ ਨਾਲ ਸਲਾਹ ਮਸ਼ਵਰਾ ਕਰਕੇ ਸਰਦਾਰ ਫਰਮਾਨ ਸਿੰਘ ਸੰਧੂ ਵੱਲੋਂ ਨਰਿੰਦਰ ਸਿੰਘ ਬਾਜਵਾ ਨੂੰ ਸੂਬਾ ਮੀਤ ਪ੍ਰਧਾਨ , ਸੋਢੀ ਸਿੰਘ ਬਾਗੀ ਵਾਲ ਨੂੰ ਕੋਰ ਕਮੇਟੀ ਮੈਂਬਰ , ਗੁਰਦੀਪ ਸਿੰਘ ਬਾਗੀਵਾਲ ਨੂੰ ਸੂਬਾ ਪ੍ਰਚਾਰ ਸਕੱਤਰ, ਤਜਿੰਦਰ ਪਾਲ ਸਿੰਘ ਸਿੱਧੂ ਨੂੰ ਸੀਨੀਅਰ ਮੀਤ ਪ੍ਰਧਾਨ ਜਲੰਧਰ, ਡਾਕਟਰ ਮਹਿੰਦਰ ਪਾਲ ਸਿੰਘ ਨੂੰ ਜਿਲਾ ਮੀਤ ਪ੍ਰਧਾਨ, ਹਰਮਿੰਦਰ ਸਿੰਘ ਲਾਡੀ ਨੂੰ ਜਿਲਾ ਮੀਤ ਪ੍ਰਧਾਨ, ਗੁਰਮੀਤ ਸਿੰਘ ਨੂੰ ਜਿਲਾ ਮੀਤ ਪ੍ਰਧਾਨ, ਸਵਰਨ ਸਿੰਘ ਸੋਨੂੰ ਨੂੰ ਲੋਹੀਆਂ ਬਲਾਕ ਦਾ ਪ੍ਰਧਾਨ, ਜਗਤਾਰ ਸਿੰਘ ਨੂੰ ਸ਼ਾਹਕੋਟ ਦਾ ਬਲਾਕ ਪ੍ਰਧਾਨ ਨਿਯੁਕਤ ਕੀਤਾ ਗਿਆ ।ਇਸ ਮੌਕੇ ਦਰਜਨ ਦੇ ਕਰੀਬ ਇਕਾਈਆਂ ਦਾ ਗਠਨ ਵੀ ਕੀਤਾ ਗਿਆ ਇਸ ਮੌਕੇ ਹਰਮਨ ਪ੍ਰੀਤ ਸਿੰਘ ਆਦਰਾਮਾਨ, ਪਰਮਜੀਤ ਸਿੰਘ ਆਦਰਾਮਾਨ ,ਤਜਿੰਦਰ ਸਿੰਘ ਲੰਬੜਦਾਰ, ਗੁਰਮੁਖ ਸਿੰਘ ਸਰਪੰਚ ਖੁਰਲਾਪੁਰ ,ਪਾਲ ਸਿੰਘ ਬੀਟਲਾਂ, ਦਵਿੰਦਰ ਸਿੰਘ ਗੋਪੀ ,ਸ਼ਿੰਗਾਰਾ ਸਿੰਘ ,ਗੁਰਚਰਨ ਸਿੰਘ, ਸਰਪੰਚ ਬਲਵੰਤ ਸਿੰਘ ਗੋਬਿੰਦਪੁਰ ,ਬਲਵੰਤ ਸਿੰਘ, ਜਗਜੀਤ ਸਿੰਘ ਬੱਗਾ, ਕਲਵੰਤ ਸਿੰਘ ,ਅਸ਼ੋਕ ਕੁਮਾਰ, ਮੱਖਣ ਸਿੰਘ ਸਰਪੰਚ, ਗੁਰਮੁਖ ਸਿੰਘ ਬੁਰਜ, ਗੱਬਰ ਸਿੰਘ, ਨਿਰਮੋਹ ਸਿੰਘ, ਰਾਜਵਿੰਦਰ ਸਿੰਘ, ਕੁਲਵੰਤ ਸਿੰਘ, ਸੰਤੋਖ ਸਿੰਘ ਰਾਜਸਥਾਨੀ, ਤਰਸੇਮ ਸਿੰਘ ਮੰਡ, ਨਿਸ਼ਾਨ ਸਿੰਘ, ਜਗਦੀਪ ਸਿੰਘ ਕਾਹਲੋ ,ਸੁਖਬੀਰ ਸਿੰਘ ,ਸਤਬੀਰ ਸਿੰਘ, ਡਾਕਟਰ ਜਗਦੀਸ਼ ਸਿੰਘ, ਨਗਿੰਦਰ ਸਿੰਘ ਪਰਜੀਆਂ, ਹਰਭਜਨ ਸਿੰਘ ਜਰਨਲ ਸਕੱਤਰ ਨੂਰ ਮਹਿਲ ,ਮਹਿੰਦਰ ਸਿੰਘ ਅਵਾਨ ਖਾਲਸਾ ਅਤੇ ਬਾਪੂ ਕੇਹਰ ਸਿੰਘ ਆਦਿ ਹਾਜ਼ਰ ਸਨ।

# ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਜਲੰਧਰ ਦੇ ਮਾਹਲ ਪਿੰਡ ਦੇ ਗੁਰਦੁਆਰਾ ਸਾਹਿਬ ਵਿਖੇ ਬੇਅਦਬੀ ਦੀ ਘਟਨਾ ਵਿੱਚ ਜਾਂਚ ਦੇ ਆਦੇਸ਼, ਦੋਸ਼ੀਆਂ ਵਿਰੁੱਧ ਸਖ਼ਤ ਕਾਰਵਾਈ ਲਈ ਕਿਹਾ

**ਸ੍ਰੀ ਅੰਮ੍ਰਿਤਸਰ(ਗੁਰਭਿੰਦਰ ਗੁਰੀ)**ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਸਿੰਘ ਸਾਹਿਬ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਜਲੰਧਰ ਜ਼ਿਲ੍ਹੇ ਦੇ ਮਾਹਲ ਪਿੰਡ ਦੇ ਗੁਰਦੁਆਰਾ ਸਾਹਿਬ ਵਿੱਚ ਸ਼ਰਾਰਤੀ ਅਨਸਰਾਂ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਅੰਗ ਪਾੜ ਕੇ ਕੀਤੀ ਗਈ ਬੇਅਦਬੀ ਦਾ ਸਖ਼ਤ ਨੋਟਿਸ ਲੈਂਦਿਆਂ ਇਸ ਘਟਨਾ ਦੀ ਜਾਂਚ ਦੇ ਆਦੇਸ਼ ਦਿੱਤੇ ਹਨ। ਉਨ੍ਹਾਂ ਇਸ ਘਟਨਾ ਦੀ ਸਖ਼ਤ ਸ਼ਬਦਾਂ ਵਿੱਚ ਨਿੰਦਾ ਕਰਦਿਆਂ ਕਿਹਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਾਡੇ ਜਾਗਤ ਜੋਤ ਗੁਰੂ ਹਨ, ਜਿਨ੍ਹਾਂ ਕਰਕੇ ਸਾਡੀ ਹੋਂਦ ਹੈ, ਇਸ ਲਈ ਗੁਰੂ ਸਾਹਿਬ ਜੀ ਦੇ ਮਾਣ ਸਤਿਕਾਰ ਨਾਲ ਸਾਨੂੰ ਕਿਸੇ ਤਰ੍ਹਾਂ ਦਾ ਵੀ ਸਮਝੌਤਾ ਨਹੀਂ ਕਰਨਾ ਚਾਹੀਦਾ। ਉਨ੍ਹਾਂ ਕਿਹਾ ਗੁਰਦੁਆਰਾ ਸਾਹਿਬ ਅੰਦਰ ਹਰ ਸਮੇਂ ਪਹਿਰੇਦਾਰੀ, ਗੁਰੂ ਘਰ ਦੇ ਪ੍ਰਬੰਧ ਪੁਖਤਾ ਅਤੇ ਸੁਰੱਖਿਅਤ ਬਣਾਉਣ ਵਿੱਚ ਸਾਨੂੰ ਆਪਣੀ ਜ਼ਿੰਮੇਵਾਰੀ ਸਮਝਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਕਈ ਥਾਵਾਂ ਉੱਤੇ ਗੁਰਦੁਆਰਾ ਸਾਹਿਬਾਨ ਦੇ ਪ੍ਰਬੰਧਾਂ ਵਿੱਚ ਅਜੇ ਵੀ ਢਿਲਾਈ ਵਰਤੀ ਜਾ ਰਹੀ ਹੈ, ਜੋ ਦਰਸਾਉਂਦਾ ਹੈ ਕਿ ਪ੍ਰਬੰਧਕਾਂ ਲਈ ਗੁਰੂ ਸਾਹਿਬ ਜੀ ਦੇ ਮਾਣ ਸਤਿਕਾਰ ਨਾਲੋਂ ਵਧੇਰੇ ਜ਼ਰੂਰੀ ਆਪਣੀ ਚੌਧਰ ਹੈ। ਉਨ੍ਹਾਂ ਸਿੱਖ ਸੰਗਤ ਨੂੰ ਤਾਕੀਦ ਕੀਤੀ ਕਿ ਆਪੋ-ਆਪਣੇ ਗੁਰਦੁਆਰਾ ਸਾਹਿਬ-ਾਨ ਵਿਖੇ ਹਰ ਸਮੇਂ ਪਹਿਰੇਦਾਰੀ, ਚੱਲਦੀ ਹਾਲਤ ਵਿੱਚ ਕੈਮਰਿਆਂ ਦਾ ਪ੍ਰਬੰਧ ਯਕੀਨੀ ਬਣਾਉਣ।

ਪ੍ਰਾਪਤ ਮੁੱਢਲੀ ਜਾਣਕਾਰੀ ਅਨੁਸਾਰ ਬੀਤੇ ਕੱਲ੍ਹ ਸੰਧਿਆ ਵੇਲੇ ਸ਼ਰਾਰਤੀ ਅਨਸਰਾਂ ਵੱਲੋਂ ਮਾਹਲ ਪਿੰਡ ਦੇ ਗੁਰਦੁਆਰਾ ਸਾਹਿਬ ਵਿਖੇ ਇੱਕ ਬੱਚੇ ਵੱਲੋਂ ਗੁਰੂ ਸਾਹਿਬ ਜੀ ਦੇ ਪਾਵਨ ਅੰਗਾਂ ਦੀ ਬੇਅਦਬੀ ਕਰਵਾ ਕੇ ਸਿੱਖ ਭਾਵਨਾਵਾਂ ਨੂੰ ਗਹਿਰੀ ਸੱਟ ਮਾਰੀ ਗਈ ਹੈ, ਜਿਸ ਨਾਲ ਸੰਗਤਾਂ ਦੇ ਮਨਾਂ ਅੰਦਰ ਭਾਰੀ ਰੋਸ ਹੈ।



ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਕਿਹਾ ਕਿ ਉਨ੍ਹਾਂ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁੱਖ ਸਕੱਤਰ ਅਤੇ ਇਲਾਕੇ ਦੇ ਮੈਂਬਰਾਂ ਨਾਲ ਗੱਲ ਕਰਕੇ ਉਨ੍ਹਾਂ ਨੂੰ ਸਮੁੱਚੀ ਘਟਨਾ ਦੀ ਨਿਰਪੱਖ ਜਾਂਚ ਯਕੀਨੀ ਬਣਾਉਣ ਲਈ ਆਖਿਆ ਹੈ। ਜਥੇਦਾਰ ਗੜਗੱਜ ਵੱਲੋਂ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਮੁੱਖ ਗ੍ਰੰਥੀ ਗਿਆਨੀ ਜੁਗਿੰਦਰ ਸਿੰਘ ਨੂੰ ਆਦੇਸ਼ ਕੀਤਾ ਗਿਆ ਹੈ ਕਿ ਉਹ ਤਖ਼ਤ ਸਾਹਿਬ ਤੋਂ ਇੱਕ ਟੀਮ ਅੱਜ ਹੀ ਲੈ ਕੇ ਘਟਨਾ ਵਾਲੇ ਸਥਾਨ ਉੱਤੇ ਪਹੁੰਚਣ ਅਤੇ ਗੁਰਦੁਆਰਾ ਸਾਹਿਬ ਦੇ ਸਮੁੱਚੇ ਪ੍ਰਬੰਧਾਂ ਅਤੇ ਬੇਅਦਬੀ ਸਬੰਧੀ ਰਿਪੋਰਟ ਭੇਜਣ। ਉਨ੍ਹਾਂ ਕਿਹਾ ਕਿ ਅੱਜ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਟੇਕ ਸਿੰਘ ਵੀ ਘਟਨਾ ਵਾਲੀ ਥਾਂ ਉੱਤੇ ਪਹੁੰਚ ਕੇ ਸਮੁੱਚਾ ਜਾਇਜ਼ਾ ਲੈਣਗੇ।

ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਪੰਜਾਬ ਸਰਕਾਰ ਨੂੰ ਇਹ ਬੇਅਦਬੀ ਕਰਵਾਉਣ ਵਾਲੇ ਸਾਜ਼ਸ਼ਘਾੜਿਆਂ ਅਤੇ ਮੁੱਖ ਦੋਸ਼ੀਆਂ ਦੀ ਪਛਾਣ ਜਲਦ ਹੀ ਨਸ਼ਰ ਕਰਨ ਅਤੇ ਉਨ੍ਹਾਂ ਵਿਰੁੱਧ ਸਖ਼ਤ ਕਾਨੂੰਨੀ ਕਾਰਵਾਈ ਕਰਨ ਲਈ ਆਖਿਆ।

ਉਨ੍ਹਾਂ ਕਿਹਾ ਕਿ ਇਹ ਜਾਣਕਾਰੀ ਵੀ ਪ੍ਰਾਪਤ ਹੋ ਰਹੀ ਹੈ ਕਿ ਸਬੰਧਤ ਗੁਰਦੁਆਰਾ ਸਾਹਿਬ ਵਿਖੇ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਜਾਰੀ ਹਦਾਇਤਾਂ ਮੁਤਾ-ਬਕ ਪ੍ਰਬੰਧ ਪੁਖਤਾ ਨਹੀਂ ਹਨ ਅਤੇ ਜੇਕਰ ਅਜਿਹਾ ਪਾਇਆ ਜਾਂਦਾ ਹੈ ਤਾਂ ਇਸ ਮਾਮਲੇ ਵਿੱਚ ਪ੍ਰਬੰਧਕਾਂ ਵਿਰੁੱਧ ਵੀ ਸਖ਼ਤ ਕਾਰਵਾਈ ਕੀਤੀ ਜਾਵੇਗੀ।

## ਪੱਤਿਆਂ ਨਾ.ਲ ਜੜਾਂ ਦਾ ਰਿਸ਼ਤਾ



ਦਾਦੀ ਹੁੰਦੀ ਸਹੇਲੀ ਪੋਤੀ ਦੀ,
ਦਾਦਾ ਆੜੀ ਹੁੰਦੈ ਪੋਤਿਆਂ ਦਾ।
ਹੁੰਦੈ ਆਪਸ ਦੇ ਵਿੱਚ ਮੇਲ ਜਿਵੇਂ,
ਗਾਇਕਾ ਦੇ ਨਾ.ਲ ਸਰੋਤਿਆਂ ਦਾ।
ਹੁੰਦੀ ਸੱਚੀ ਗੱਲ ਸਿਆਣਿਆਂ ਦੀ,
ਕਿ ਮੂ.ਲ ਤੋਂ ਵਿਆਜ ਪਿਆਰਾ ਹੁੰਦੈ,
ਉਨ੍ਹਾਂ ਨਾ.ਲੋਂ ਵੀ ਵਧਕੇ ਮੋਹ ਆਉਂਦੈ,
ਪਿੰਡ ਨਾਨਕਿਆਂ ਨੂੰ ਦੋਹਤਿਆਂ ਦਾ।

ਮੂਲ ਚੰਦ ਸ਼ਰਮਾ ਪ੍ਰਧਾਨ ,
ਪੰਜਾਬੀ ਸਾਹਿਤ ਸਭਾ ਧੂਰੀ ਜ਼ਿਲ੍ਹਾ ਸੰਗਰੂਰ ।

## ਤੁਰ ਗਈ ਲਾਡਲੀ ਗਗਨ

ਜਦੋਂ ਤੇਰਾ ਕਾਜ ਰਚਾਇਆ ਸੀ,
ਖ਼ੁਸ਼ੀ ਮਾਪਿਆਂ ਨੂੰ ਬਾਹਲੀ ਹੋਈ ਸੀ।

ਤੂੰ ਚੰਨ ਜਹੇ ਪੁੱਤ ਨੂੰ ਜਨਮ ਦਿੱਤਾ,
ਚਹੁੰ ਪਾਸੀਂ ਰੁਸ਼ਨਾਈ ਹੋਈ ਸੀ।

ਪਰ ਖ਼ੁਸ਼ੀ ਪਿੱਛੇ ਗ਼ਮ ਭਾਰੀ ਸੀ,
ਨਾ ਖ਼ਬਰ ਕਿਸੇ ਨੂੰ ਕੋਈ ਸੀ।

ਕਾਹਲੀ-ਕਾਹਲੀ ਉਹ ਦਿਨ ਆ ਪੁੱਜਾ,
ਤੂੰ ਜੁਦਾ ਸਦਾ ਲਈ ਹੋਈ ਸੀ!

ਡਾਢਾ ਮਨਹੂਸ ਦਿਨ ਸੀ ਉਹ ਲੋਕੋ,
ਧੀ ਦਾ ਬਲਦਾ ਸਿਵਾ ਤੱਕ ਮਾਂ ਰੋਈ ਸੀ!

ਤੂੰ ਸਾਥੋਂ ਕਾਹਦੀ ਵਿੱਛੜ ਗਈ,
ਜਿੰਦ ਬੋਟੀ-ਬੋਟੀ ਹੋਈ ਸੀ!
ਇੱਕ ਕਹਿਰ ਅਸਮਾਨੋਂ ਟੁੱਟਿਆ ਸੀ,
ਮਾਂ ਤੂੰਬਾ-ਤੂੰਬਾ ਹੋਈ ਸੀ!

ਚਿਹਰਾ 'ਕਿਰਨ' ਦਾ ਨਾ ਪੜ੍ਹ ਹੋਣਾ,
ਜਿਸ ਅੰਤਾਂ ਦੀ ਪੀੜ ਲਕੋਈ ਸੀ!

ਕਿਉਂ ਏਨਾ ਬੇਦਰਦੀ ਹੋਇਆ ਰੱਬਾ ਤੂੰ?
ਮੇਰੀ ਆਂਦਰ ਮੈਥੋਂ ਖੋਹੀ ਸੀ!

ਕੁਲਵਿੰਦਰ ਕੌਰ 'ਕਿਰਨ'
ਲੁਧਿਆਣਾ

## ਮਾਹੀਆ (ਟੱਪੇ)

### (ਮੱਕੀ ਨਾਲ ਸਬੰਧਿਤ)

ਮੈਂ ਛੱਲੀਆਂ ਨੂੰ ਕੁੱਟਦਾ ਹਾਂ।
ਤੇਰੇ ਨਾਲ ਪਿਆਰ ਪਾ ਕੇ,
ਬੁੱਲੇ ਜ਼ਿੰਦਗੀ ਦੇ ਲੁੱਟਦਾ ਹਾਂ।

ਗੁੱਲ ਇਕੱਠੇ ਮੈਂ ਕਰੇਦੀਂ ਹਾਂ।
ਤੇਰੇ ਕੋਲ ਬਹਿ ਕੇ ਚੰਨਾ,
ਹਾਸੇ-ਠੱਠੇ ਪਈ ਕਰੇਦੀਂ ਹਾਂ।

ਮੱਕੀ ਉੱਖਲੀ 'ਚ ਛੁਲਕਾਂ ਵੇ।
ਹੱਥਾਂ 'ਚ ਮੇਰੇ ਅੱਟਣ ਪਏ,
ਵਿਚੋਂ-ਵਿਚ ਪਈ ਡੁਸਕਾਂ ਵੇ।

ਗੁੱਲ ਚੁੱਲ੍ਹੇ ਵਿਚ ਡਾਹੁਣੀ ਏ।
ਪਿਆਰ ਦਾ ਭਬੂਕਾ ਉੱਠਿਆ,
ਗੱਲ ਤੈਨੂੰ ਮੈਂ ਸੁਣਾਉਣੀ ਏ।

ਦਾਣੇ ਮੱਕੀ ਦੇ ਭਨਾਉਂਦਾ ਹਾਂ।
ਖਿੱਲਾਂ ਦੇਖ-ਦੇਖ ਕੇ ਚੰਨੋ,
ਸ਼ੁਕਰ ਰੱਬ ਦਾ ਮਨਾਉਂਦਾ ਹਾਂ।

ਮੱਕੀ ਸੁੱਕਣੀ ਮੈਂ ਧੁੱਪੇ ਪਾਈ ਏ।
ਹੱਥਾਂ ਨਾਂ ਫਰੋਲਾ ਏਸ ਨੂੰ,
ਹੱਥਾਂ ਤੇਰਿਆਂ ਦੀ ਯਾਦ ਆਈ ਏ।

ਦਾਣੇ ਮੱਕੀ ਦੇ ਮੈਂ ਪੀਹਣੀ ਹਾਂ।
ਸੋਨੇ-ਰੰਗਾ ਆਟਾ ਦੇਖ ਕੇ,
ਚੰਨਾ ਬੱਸ ਤੇਰੇ ਲਈ ਜੀਣੀ ਹਾਂ।

ਆਟਾ ਮੱਕੀ ਦਾ ਗੁੰਨ੍ਹਦੀ ਆਂ।
ਕੋਸਾ ਜਿਹਾ ਪਾਣੀ ਪਾ ਕੇ,
ਆ ਕੇ ਗੱਲ ਤੇਰੀ ਸੁਣਦੀ ਆਂ।

ਮੱਕੀ ਘਰਾਟਾਂ ਦੀ ਪਿਹਾਈ ਹੋਈ ਏ।
ਰੋਟੀ ਮਿੱਠੀ 'ਤੇ ਨਰਮ ਪੱਕੂ,
ਇਹ ਜਾਚ ਅੰਬੜੀ ਸਿਖਾਈ ਹੋਈ ਏ।

ਛੱਲੀ ਦੋਧੇ ਵਾਲੀ ਨਾ ਤੋੜ ਮਾਹੀਆ।
ਸਬਰ ਦਾ ਮਿਲੂ ਫਲ ਮਿੱਠੜਾ,
ਅਜੇ ਮਨ ਰੱਖ ਵੇ ਤੂੰ ਹੋੜ ਮਾਹੀਆਂ।



ਸੁਰਜੀਤ ਸਿੰਘ ਭੁੱਲਰ

## ਅਜੇ ਸਿੱਖ ਤਾਂ...

ਨਿੱਕੇ ਹੁੰਦਿਆਂ
ਮਾਂ-ਪਿਓ ਦੀ ਨਸੀਹਤ
ਤੇ ਅਧਿਆਪਕਾਂ ਵੱਲੋਂ
ਸਿਖਾਏ ਸਬਕ ਨੂੰ ਸੱਚ ਜਾਣਦਿਆਂ
'ਸੱਤ ਬਚਨ' ਆਖ
ਸਿਰ ਝੁਕਾ ਲੈਂਦਾ
ਜਵਾਨੀ ਦੀ ਪੌੜੀ
ਚੜ੍ਹਦਿਆਂ ਹੀ
ਪ੍ਰੋਫ਼ੈਸਰਾਂ ਦੇ ਲੈਕਚਰ ਸੁਣਕੇ
ਐਵੇਂ ਹੀ 'ਵਾਹ-ਵਾਹ' ਕਹਿ ਛੱਡਦਾ
ਤੇ ਦਿਨੇ ਹੀ ਨਹੀਂ
ਰਾਤਾਂ ਨੂੰ ਵੀ ਜਾਗਦਾ
ਅਧੇੜ ਉਮਰ 'ਚ
ਪੈਰ ਰੱਖਦਿਆਂ ਹੀ
ਸ਼ਿੱਦਤ ਨਾਲ
ਸੋਚਣ ਲਈ
ਮਜਬੂਰ ਹੋ ਗਿਆ
ਕਿ ਹਾਲੇ ਤਾਂ ਮੈਂ
ਨਾਨਕ-ਬੁੱਧ ਦੇ ਸਕੂਲ ਦਾ
ਅਜੇ 'ੳ' ਤੇ 'ਅ' ਵੀ
ਨਹੀਂ ਸਿੱਖਿਆ!



ਸੁਖਮਿੰਦਰ ਸੇਖੋਂ
98145-07693



# ਪੋਸ਼ਣ ਵੀ, ਪੜ੍ਹਾਈ ਵੀ' ਮੁਹਿੰਮ ਤਹਿਤ ਆਂਗਨਵਾੜੀ ਵਰਕਰਾਂ ਦੀ ਕਰਵਾਈ ਟ੍ਰੇਨਿਗ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਪ੍ਰਥਮ ਟੀਮ ਵੱਲੋਂ 'ਪੋਸ਼ਣ ਵੀ, ਪੜ੍ਹਾਈ ਵੀ' ਮੁਹਿੰਮ ਤਹਿਤ ਆਂਗਨਵਾੜੀ ਵਰਕਰਾਂ ਦੀ ਟ੍ਰੇਨਿੰਗ ਕਰਵਾਈ ਗਈ। ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ ਵੱਲੋਂ ਬੱਚਿਆਂ ਦੇ ਪੋਸ਼ਣ ਅਤੇ ਸ਼ੁਰੂਆਤੀ ਬਚਪਨ ਦੀ ਸਿਖਿਆ ਤੇ ਧਿਆਨ ਕੇਂਦਰਤ ਕਰਨ ਦੇ ਉਦੇਸ਼ ਨਾਲ ਪ੍ਰਸਿੱਧ ਸਿੱਖਿਆ ਸੰਸਥਾ ਪ੍ਰਥਮ ਦੀ ਟੀਮ ਵੱਲੋਂ ਮਿਡਲ ਲੈਵਲ ਟ੍ਰੇਨਿੰਗ ਸੈਂਟਰ, ਰਾਮ ਕਲੋਨੀ ਕੈਂਪ, ਹੁਸ਼ਿਆਰਪੁਰ ਵਿਖੇ 930 ਆਂਗਨਵਾੜੀ ਵਰਕਰਾਂ ਲਈ "ਪੋਸ਼ਣ ਵੀ, ਪੜ੍ਹਾਈ ਵੀ" ਥੀਮ ਹੇਠ ਇਕ ਵਿਸ਼ੇਸ਼ ਟ੍ਰੇਨਿੰਗ ਪ੍ਰੋਗਰਾਮ ਆਯੋਜਿਤ ਕੀਤਾ ਗਿਆ। ਇਸ ਟ੍ਰੇਨਿੰਗ ਦੌਰਾਨ ਜ਼ਿਲ੍ਹਾ ਪ੍ਰੋਗਰਾਮ ਅਫਸਰ ਗਗਨਦੀਪ ਸਿੰਘ ਨੇ 3 ਤੋਂ 6 ਸਾਲ ਦੀ ਉਮਰ ਦੇ ਬੱਚਿਆਂ ਲਈ ਪੋਸ਼ਣ ਅਤੇ ਸ਼ੁਰੂਆਤੀ ਸਿੱਖਿਆ ਨੂੰ ਪ੍ਰਭਾਵਸ਼ਾਲੀ ਬਣਾਉਣਾ ਬਾਰੇ ਦੱਸਿਆ ਅਤੇ ਪ੍ਰਥਮ ਟੀਮ



ਵੱਲੋਂ ਆਂਗਨਵਾੜੀ ਵਰਕਰਾਂ ਨੂੰ ਬੱਚਿਆਂ ਦੀ ਪੋਸ਼ਣ ਸਥਿਤੀ, ਵਿਕਾਸ ਦੀ ਨਿਗਰਾਨੀ, ਖੇਡ-ਆਧਾਰਿਤ ਅਤੇ ਗਤੀਵਿਧੀ-ਆਧਾਰਿਤ ਸਿੱਖਣ, ਕਹਾਣੀ ਸੁਣਾਉਣ, ਗੀਤਾਂ ਅਤੇ ਸਥਾਨਕ ਸਿੱਖਣ ਸਮੱਗਰੀ ਦੀ ਵਰਤੋਂ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ ਗਈ। ਟ੍ਰੇਨਿੰਗ ਦੌਰਾਨ ਮਾਪਿਆਂ ਦੀ ਭਾਗੀਦਾਰੀ, ਘਰੇਲੂ ਗਤੀਵਿਧੀਆਂ ਅਤੇ ਬੱਚਿਆਂ ਵਿੱਚ ਸਿੱਖਣ ਦੀ ਦਿਲਚਸਪੀ ਪੈਦਾ ਕਰਨ ਉੱਤੇ ਵੀ ਜ਼ੋਰ ਦਿੱਤਾ ਗਿਆ। ਪ੍ਰਥਮ ਟੀਮ ਦੇ ਮੈਂਬਰਾਂ ਨੇ ਆਂਗਨਵਾੜੀ ਵਰਕਰਾਂ ਨੂੰ ਪ੍ਰੈਕਟਿਕਲ ਉਦਾਹਰਨਾਂ ਅਤੇ ਡੈਮੋਨਸਟ੍ਰੇਸ਼ਨ ਰਾਹੀਂ ਸਿਖਲਾਈ ਦਿੱਤੀ। ਜ਼ਿਲ੍ਹਾ ਪ੍ਰੋਗਰਾਮ ਅਫਸਰ ਗਗਨਦੀਪ ਸਿੰਘ ਨੇ ਇਸ ਮੌਕੇ ਕਿਹਾ ਕਿ ਇਹ ਟ੍ਰੇਨਿੰਗ ਲੈਣ ਨਾਲ ਆਂਗਨਵਾੜੀ ਵਰਕਰਾਂ ਦੀ ਸਮਰੱਥਾ ਵਧਾਉਣ ਦੇ ਨਾਲ- ਨਾਲ ਬੱਚਿਆਂ ਦੀ ਸਿਹਤ ਅਤੇ ਸਿੱਖਿਆ ਦੋਵਾਂ ਵਿੱਚ ਵੀ ਸੁਧਾਰ ਆਵੇਗਾ। ਉਨ੍ਹਾਂ ਨੇ ਪ੍ਰਥਮ ਟੀਮ ਦੇ ਯਤਨਾਂ ਦੀ ਸ਼ਲਾਘਾ ਕੀਤੀ। ਟ੍ਰੇਨਿੰਗ ਦੇ ਅੰਤ ਵਿੱਚ ਭਾਗੀਦਾਰਾਂ ਨਾਲ ਵਿਚਾਰ-ਵਟਾਂਦਰਾ ਕੀਤਾ ਗਿਆ ਅਤੇ ਆਂਗਨਵਾੜੀ ਵਰਕਰਾਂ ਨੇ ਟ੍ਰੇਨਿੰਗ ਨੂੰ ਲਾਭਕਾਰੀ ਦੱਸਦਿਆਂ ਆਪਣੇ-ਆਪਣੇ ਕੇਂਦਰਾਂ ਵਿੱਚ ਸਿੱਖੀਆਂ ਗਈਆਂ ਗਤੀਵਿਧੀਆਂ ਲਾਗੂ ਕਰਨ ਦਾ ਭਰੋਸਾ ਦਿੱਤਾ।

# 12 ਦਿਨਾਂ ਲਈ ਮੁਫ਼ਤ ਲਘੂ ਉਦਯਾਮੀ (ਫਾਸਟ ਫੂਡ ਸਟਾਲ) ਕੋਰਸ

**ਸਮਾਜ ਵੀਕਲੀ ਯੂ ਕੇ**

ਸੀਮਤ ਸੀਟਾਂ—ਕੋਰਸ ਵਿੱਚ ਸ਼ਾਮਲ ਹੋਣ ਲਈ ਜਲਦੀ ਕਰੋ

ਮੁਫ਼ਤ ਲਘੂ ਉਦਯਾਮੀ (ਫਾਸਟ ਫੂਡ ਸਟਾਲ) ਕੋਰਸ 12 ਦਿਨਾਂ ਲਈ (ਸਮਾਂ: 9:00-5:00)

ਬੇਰੁਜ਼ਗਾਰ ਨੌਜਵਾਨਾਂ ਲਈ ਸਵੈ-ਰੁਜ਼ਗਾਰ ਦੇ ਮੌਕੇ ਪੈਦਾ ਕਰਨ ਲਈ, ਅਸੀਂ ਪੀਐਨਬੀ ਆਰਸੇਟੀ (ਪੀਐਨਬੀ ਪੇਂਡੂ ਸਵੈ-ਰੁਜ਼ਗਾਰ ਸਿਖਲਾਈ ਸੰਸਥਾ, (ਏਡੀਸੀ (ਦੇਵ) ਦਫ਼ਤਰ) ਜ਼ਿਲ੍ਹਾ ਪ੍ਰੀਸ਼ਦ ਕੰਪਲੈਕਸ, ਸਿਵਲ ਲਾਈਨਜ਼, ਹੁਸ਼ਿਆਰਪੁਰ) ਵਿਖੇ 10.02.2026 ਨੂੰ "ਲਘੂ ਉਦਯਾਮੀ (ਫਾਸਟ ਫੂਡ ਸਟਾਲ)" ਦਾ 12 ਦਿਨਾਂ ਦਾ ਮੁਫ਼ਤ ਕੋਰਸ ਸ਼ੁਰੂ ਕਰਨ ਜਾ ਰਹੇ ਹਾਂ। (ਉਮਰ ਸੀਮਾ-18-50 ਸਾਲ)

ਸਾਰੇ ਦਿਲਚਸਪੀ ਰੱਖਣ ਵਾਲੇ ਉਮੀਦਵਾਰਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਆਪਣਾ ਨਾਮ, ਉਮਰ ਅਤੇ ਫ਼ੋਨ ਨੰਬਰ ਭੇਜ ਕੇ ਵਟਸਐਪ 9463284447 'ਤੇ



ਰਜਿਸਟਰ ਕਰਵਾਉਣ ਅਤੇ ਹੇਠ ਲਿਖੇ ਦਸਤਾਵੇਜ਼ਾਂ ਦੀਆਂ ਕਾਪੀਆਂ ਦੇ ਨਾਲ ਸੰਸਥਾ ਵਿੱਚ ਵੀ ਜਾ ਸਕਦੇ ਹਨ:-

1. ਆਧਾਰ ਕਾਰਡ, (ਫੋਟੋ ਕਾਪੀ)
2. ਯੋਗਤਾ ਸਰਟੀਫਿਕੇਟ, (ਫੋਟੋ ਕਾਪੀ)
3. 2 ਪਾਸਪੋਰਟ ਆਕਾਰ ਦੀਆਂ ਫੋਟੋਆਂ
4. ਐਸ ਸੀ/ਬੀਪੀਐਲ ਸਰਟੀਫਿਕੇਟ, ਜੇਕਰ ਕੋਈ ਹੈ (ਫੋਟੋ ਕਾਪੀ)।
5. ਬੈਂਕ ਕਾਪੀ (ਫੋਟੋ ਕਾਪੀ)
6. ਪੈਨ ਕਾਰਡ (ਫੋਟੋ ਕਾਪੀ)

ਇਹ ਸਿਖਲਾਈ ਬਿਲਕੁਲ ਮੁਫ਼ਤ ਹੈ ਸਗੋਂ ਸੰਸਥਾ ਵਿੱਚ ਦਿਨ ਵੇਲੇ ਦੁਪਹਿਰ ਦਾ ਖਾਣਾ/ਚਾਹ ਬਿਨਾਂ ਕਿਸੇ ਫੀਸ ਦੇ ਦਿੱਤੀ ਜਾਂਦੀ ਹੈ। ਸਿਖਲਾਈ ਤੋਂ ਬਾਅਦ ਸਿਖਿਆਰਥੀਆਂ ਨੂੰ ਇੱਕ ਸਰਟੀਫਿਕੇਟ ਜਾਰੀ ਕੀਤਾ ਜਾਂਦਾ ਹੈ ਅਤੇ ਸਿਖਿਆਰਥੀਆਂ ਨੂੰ ਕਰਜ਼ੇ ਦੀ ਸਹੂਲਤ (ਜੇਕਰ ਯੋਗ ਹੋਵੇ) ਸਮੇਤ ਨਿਪਟਾਰੇ ਲਈ ਹਰ ਸੰਭਵ ਮਦਦ ਦਿੱਤੀ ਜਾਂਦੀ ਹੈ।

**ਹੋਰ ਜਾਣਕਾਰੀ ਲਈ-**

ਡਾਇਰੈਕਟਰ, ਆਰਸੇਟੀ ਹੁਸ਼ਿਆਰਪੁਰ- ਟੈਲੀਫ਼ੋਨ: 01882-295880, ਮੋਬਾਈਲ: 9872759614 (ਡਾਇਰੈਕਟਰ) 6 2 8 4 2 1 0 7 2 7 , 7888965596।

# ਜ਼ਬਰਦਸਤੀ ਵਸੂਲੀ ਮਾਮਲਿਆਂ ਖਿਲਾਫ ਪੁਲਿਸ ਦੀ ਕਾਰਵਾਈ ਤੇਜ਼- 7 ਵਿਅਕਤੀਆਂ ਤੇ ਲੱਗੇ ਚਾਰਜ,111 ਦੀ ਹੋਵੇਗੀ ਇਮੀਗਰੇਸ਼ਨ ਜਾਂਚ

**ਵੈਨਕੂਵਰ, (ਮਲਕੀਤ ਸਿੰਘ)** - ਕੈਨੇਡਾ ਦੇ ਸੂਬੇ ਬ੍ਰਿਟਿਸ਼ ਕੋਲੰਬੀਆ ਵਿੱਚ ਜਬਰਦਸਤੀ ਵਸੂਲੀ ਮਾਮਲਿਆਂ ਨਾਲ ਨਜਿੱਠਣ ਲਈ ਹੋਂਦ ਵਿੱਚ ਲਿਆਂਦੀ ਗਈ ਵਿਸ਼ੇਸ਼ ਪੁਲਿਸ ਟਾਸਕ ਫੋਰਸ ਨੇ ਚਾਰ ਮਹੀਨਿਆਂ ਦੀ ਪ੍ਰਗਤੀ ਰਿਪੋਰਟ ਜਾਰੀ ਕਰਦਿਆਂ ਦੱਸਿਆ ਹੈ ਕਿ ਹੁਣ ਤੱਕ 7 ਵਿਅਕਤੀਆਂ 'ਤੇ ਅਪਰਾਧਿਕ ਚਾਰਜ ਲਗਾਏ ਜਾ ਚੁੱਕੇ ਹਨ, ਜਦਕਿ 111 ਮਾਮਲਿਆਂ ਵਿੱਚ ਇਮੀਗ੍ਰੇਸ਼ਨ ਜਾਂਚ ਸ਼ੁਰੂ ਕੀਤੀ ਗਈ ਹੈ। ਪੁਲਿਸ ਮੁਤਾਬਕ ਇਹ ਅਪਡੇਟ ਉਸ ਸਮੇਂ ਸਾਹਮਣੇ ਆਈ ਹੈ ਜਦੋਂ ਸਰੀ ਸ਼ਹਿਰ ਵਿੱਚ ਇਸ ਸਾਲ ਜਬਰਦਸਤੀ ਵਸੂਲੀ ਦਾ 35ਵਾਂ ਸ਼ੱਕੀ ਮਾਮਲਾ ਦਰਜ ਕੀਤਾ ਗਿਆ ਹੈ। ਅਧਿਕਾਰੀਆਂ ਦਾ ਕਹਿਣਾ ਹੈ ਕਿ ਲੋਅਰ ਮੈਨਲੈਂਡ ਦੇ ਕਈ ਸ਼ਹਿਰਾਂ ਵਿੱਚ ਇਸ ਤਰ੍ਹਾਂ ਦੇ ਮਾਮਲੇ ਲਗਾਤਾਰ ਸਾਹਮਣੇ ਆ ਰਹੇ ਹਨ, ਜਿਸ ਕਾਰਨ ਪੁਲਿਸ ਵੱਲੋਂ ਨਿਗਰਾਨੀ ਅਤੇ ਕਾਰਵਾਈ ਹੋਰ ਤੇਜ਼ ਕੀਤੀ ਗਈ ਹੈ। ਇਸ ਸਬੰਧੀ ਪੁਲਿਸ ਅਧਿਕਾਰੀਆਂ ਵੱਲੋਂ ਆਯੋਜਿਤ ਇੱਕ ਪ੍ਰੈਸ ਕਾਨਫਰੰਸ ਦੌਰਾਨ ਟਾਸਕ ਫੋਰਸ ਦੀ ਚਾਰ ਮਹੀਨਿਆਂ ਦੀ ਪ੍ਰਗਤੀ, ਚੱਲ ਰਹੀਆਂ ਜਾਂਚਾਂ ਅਤੇ ਭਵਿੱਖੀ ਕਾਰਵਾਈ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ ਗਈ ਪੁਲਿਸ ਅਧਿਕਾਰੀਆਂ ਦਾ ਕਹਿਣਾ ਹੈ ਕਿ ਲੋਕਾਂ ਦੀ ਸੁਰੱਖਿਆ ਯਕੀਨੀ ਬਣਾਉਣ ਲਈ ਇਸ ਮੁਹਿੰਮ ਨੂੰ ਹੋਰ ਮਜ਼ਬੂਤ ਕੀਤਾ ਜਾਵੇਗਾ।ਅਧਿਕਾਰੀਆਂ ਨੇ ਲੋਕਾਂ ਨੂੰ ਸਲਾਹ ਦਿੱਤੀ ਹੈ ਕਿ ਕਿਸੇ ਵੀ ਧਮਕੀ ਜਾਂ ਸ਼ੱਕੀ ਗਤੀਵਿਧੀ ਦੀ ਤੁਰੰਤ ਪੁਲਿਸ ਨੂੰ ਜਾਣਕਾਰੀ ਦਿੱਤੀ ਜਾਵੇ ਅਤੇ ਆਪਣੀ ਸੁਰੱਖਿਆ ਨੂੰ ਪਹਿਲ ਦਿੱਤੀ ਜਾਵੇ।



**ਬ੍ਰਿਟਿਸ਼ ਕੋਲੰਬੀਆ ਵਿੱਚ ਜਬਰਦਸਤੀ ਵਸੂਲੀ ਖ਼ਿਲਾਫ਼ ਕਾਰਵਾਈ ਸਬੰਧੀ ਜਾਣਕਾਰੀ ਸਾਂਝੀ ਕਰਦੇ ਹੋਏ ਪੁਲਿਸ ਕਮਿਸ਼ਨਰ ਜੋਹਨ ਬਰੂਅਰ।**

# ਆਸਟਰੇਲੀਆ ਦੇ ਸਮੁੰਦਰੀ ਤੱਟ ਨੇੜੇ ਕੈਨੇਡਾ ਦੀ ਨੌਜਵਾਨ ਲੜਕੀ ਦੀ ਮੌਤ

**ਵੈਨਕੂਵਰ, (ਮਲਕੀਤ ਸਿੰਘ)** - ਕੈਨੇਡਾ ਦੇ ਸੂਬੇ ਬ੍ਰਿਟਿਸ਼ ਕੋਲੰਬੀਆ ਨਾਲ ਸੰਬੰਧਤ 19 ਸਾਲਾ ਨੌਜਵਾਨ ਲੜਕੀ ਪਾਈਪਰ ਜੇਮਜ਼ ਦੀ ਆਸਟ੍ਰੇਲੀਆ ਦੇ ਕ੍ਰੀਂਜ਼ਲੈਂਡ ਸੂਬੇ ਦੇ ਕੇ'ਗਾਰੀ (ਫ੍ਰੇਜ਼ਰ ਆਇਲੈਂਡ) ਨੇੜੇ ਇਕ ਸਮੁੰਦਰੀ ਤਟ 'ਤੇ ਮਿਲੀ ਲਾਸ਼ ਨੇ ਕੈਨੇਡਾ ਸਮੇਤ ਵਿਦੇਸ਼ਾਂ ਵਿੱਚ ਵੀ ਸੋਗ ਦੀ ਲਹਿਰ ਦੌੜਾ ਦਿੱਤੀ ਹੈ।

ਇਸ ਸਬੰਧੀ ਪ੍ਰਾਪਤ ਹੋਰਨਾ ਵੇਰਵਿਆ ਮੁਤਾਬਕ ਪਾਈਪਰ ਜੇਮਜ਼ ਸੋਮਵਾਰ ਸਵੇਰੇ ਆਸਟ੍ਰੇਲੀਆ ਦੇ ਇਕ ਤਟ 'ਤੇ ਮ੍ਰਿਤਕ ਹਾਲਤ ਵਿੱਚ ਮਿਲੀ। ਆਸਟ੍ਰੇਲੀਆਈ ਪੁਲਿਸ ਵੱਲੋਂ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ ਅਤੇ ਮੌਤ ਦੇ ਸਹੀ ਕਾਰਨਾਂ ਬਾਰੇ ਅਜੇ ਤੱਕ ਕੋਈ ਅੰਤਿਮ ਨਤੀਜਾ ਜਾਰੀ ਨਹੀਂ ਕੀਤਾ ਗਿਆ।

ਮ੍ਰਿਤਕਾ ਦੇ ਪਿਤਾ ਨੇ ਮੀਡੀਆ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਉਨ੍ਹਾਂ ਦੀ ਧੀ ਪਾਈਪਰ ਜੇਮਜ਼ ਇੱਕ ਸਾਹਸੀ ਸੁਭਾਉ ਵਾਲੀ ਲੜਕੀ ਸੀ ਅਤੇ ਯਾਤਰਾ ਕਰਨਾ ਉਸਦਾ ਸ਼ੌਕ ਸੀ। ਦੱਸਿਆ ਗਿਆ ਹੈ ਕਿ ਕੈਨੇਡਾ ਵਾਪਸੀ ਤੋਂ ਬਾਅਦ ਉਹ ਪਾਇਲਟ ਬਣਨ ਲਈ ਲਾਇਸੈਂਸ ਹਾਸਲ ਕਰਨ ਦੀ ਯੋਜਨਾ ਵੀ ਬਣਾ ਰਹੀ ਸੀ। ਉਸਦੀ ਅਚਾਨਕ ਮੌਤ ਨੇ ਪਰਿਵਾਰ, ਦੋਸਤਾਂ ਅਤੇ ਜਾਣ-ਪਛਾਣ ਵਾਲਿਆਂ ਨੂੰ ਡੂੰਘਾ ਝਟਕਾ ਦਿੱਤਾ ਹੈ।

ਆਸਟ੍ਰੇਲੀਆਈ ਅਧਿਕਾਰੀਆਂ ਵੱਲੋਂ ਜਾਂਚ ਜਾਰੀ ਹੈ, ਜਦਕਿ ਕੈਨੇਡਾ ਦੇ ਅਧਿਕਾਰੀ ਵੀ ਪਰਿਵਾਰ ਨਾਲ ਸੰਪਰਕ ਵਿੱਚ ਦੱਸੇ ਜਾ ਰਹੇ ਹਨ।



**ਆਸਟ੍ਰੇਲੀਆ ਵਿੱਚ ਮ੍ਰਿਤਕ ਮਿਲੀ ਕੈਨੇਡੀਅਨ ਲੜਕੀ ਪਾਈਪਰ ਜੇਮਜ਼ ਦੀ ਇੱਕ ਤਸਵੀਰ**

# ਵਿਕਟੋਰੀਆ ਮਬੋਕੋ ਆਸਟ੍ਰੇਲੀਆਈ ਖੁੱਲ੍ਹੇ ਟੈਨਿਸ ਮੁਕਾਬਲੇ ਦੇ ਤੀਜੇ ਦੌਰ ਚ ਵੀ ਹੋਈ ਕਾਮਯਾਬ

**ਵੈਨਕੂਵਰ, (ਮਲਕੀਤ ਸਿੰਘ)** – ਕੈਨੇਡਾ ਦੀ ਉਭਰਦੀ ਟੈਨਿਸ ਖਿਡਾਰਨ ਵਿਕਟੋਰੀਆ ਮਬੋਕੋ ਨੇ ਮੈਲਬੋਰਨ ਸ਼ਹਿਰ ਵਿੱਚ ਚੱਲ ਰਹੇ ਆਸਟ੍ਰੇਲੀਆਈ ਖੁੱਲ੍ਹੇ ਟੈਨਿਸ ਮੁਕਾਬਲੇ ਵਿੱਚ ਸ਼ਾਨਦਾਰ ਖੇਡ ਦਿਖਾਉਂਦਿਆਂ ਮਹਿਲਾ ਸਿੰਗਲਜ਼ ਦੇ ਤੀਜੇ ਦੌਰ ਲਈ ਯੋਗਤਾ ਹਾਸਲ ਕਰ ਲਈ ਹੈ। ਕਨੇਡਾ ਦੇ ਮਹਾਨਗਰ ਟੋਰਾਂਟੋ ਨਾਲ ਸੰਬੰਧਿਤ ਮਬੋਕੋ ਨੇ ਦੂਜੇ ਦੌਰ ਦੇ ਮੈਚ ਵਿੱਚ ਅਮਰੀਕਾ ਦੀ ਕੈਟੀ ਮੈਕਨੈਲੀ ਨੂੰ 4-6,3-6 ਦੇ ਅੰਕਾਂ ਨਾਲ ਹਰਾ ਕੇ ਕਾਮਯਾਬੀ ਹਾਸਲ ਕੀਤੀ ਮੁਕਾਬਲੇ ਦੌਰਾਨ ਮਬੋਕੋ ਮਬਾਕੋ ਨੇ ਖੇਡ ਵਿੱਚ ਵਧੀਆ ਪ੍ਰਦਰਸ਼ਨ ਕਰਦਿਆਂ ਸ਼ੁਰੂ ਤੋਂ ਹੀ ਬੜਤ ਬਣਾਈ ਰੱਖੀ। ਉਸਦੀ ਲਗਾਤਾਰ ਦਬਾਅ ਬਣਾਉਣ ਵਾਲੀ ਰਣਨੀਤੀ ਦੇ ਅੱਗੇ ਵਿਰੋਧੀ ਖਿਡਾਰਨ ਅੰਤ ਤੱਕ ਟਿਕ ਨਾ ਸਕੀ।



**ਆਸਟ੍ਰੇਲੀਆਈ ਖੁੱਲ੍ਹੇ ਟੈਨਿਸ ਮੁਕਾਬਲੇ ਦੌਰਾਨ ਸ਼ਾਟ ਮਾਰਦੀ ਕੈਨੇਡਾ ਦੀ ਵਿਕਟੋਰੀਆ ਮਬੋਕੋ।**

ਇਸੇ ਦੌਰਾਨ ਕੈਨੇਡਾ ਦੀ ਇੱਕ ਹੋਰ ਤਜਰਬੇਕਾਰ ਟੈਨਿਸ ਖਿਡਾਰਨ ਗੈਬਰੀਏਲਾ ਡਾਬਰੋਵਸਕੀ ਨੇ ਮਹਿਲਾ ਡਬਲਜ਼ ਦੇ ਪਹਿਲੇ ਦੌਰ ਵਿੱਚ ਜਿੱਤ ਦਰਜ ਕਰਦਿਆਂ ਅਗਲੇ ਪੜਾਅ ਵੱਲ ਕਦਮ ਵਧਾਉਣ ਵਿੱਚ ਵੀ ਅਹਿਮ ਕਾਮਯਾਬੀ ਹਾਸਿਲ ਕੀਤੀ ਹੈ ਕਨੇਡਾ ਦੇ ਖੇਡ ਪ੍ਰੇਮੀਆਂ ਚ ਇਸ ਜਿੱਤ ਨੂੰ ਲੈ ਕੇ ਖੁਸ਼ੀ ਦਾ ਆਲਮ ਵੇਖਿਆ ਜਾ ਰਿਹਾ ਹੈ।

# ਕਤਲ ਦੇ ਮਾਮਲੇ 'ਚ ਬਰੀ ਹੋਇਆ ਵਿਅਕਤੀ ਯੌਨ ਸ਼ੋਸ਼ਣ ਦੇ ਦੋਸ਼ਾਂ 'ਚ ਮੁੜ ਗ੍ਰਿਫ਼ਤਾਰ

**ਵੈਨਕੂਵਰ, (ਮਲਕੀਤ ਸਿੰਘ)** – ਸਾਲ 1984 ਵਿੱਚ ਵਿੰਨੀਪੇਗ ਦੇ ਇੱਕ ਕਤਲ ਮਾਮਲੇ ਵਿੱਚ ਪਹਿਲਾਂ ਦੋਸ਼ੀ ਕਰਾਰ ਦਿੱਤੇ ਜਾਣ ਤੋਂ ਬਾਅਦ ਬਰੀ ਹੋ ਚੁੱਕੇ ਮਾਰਕ ਐਡਵਰਡ ਗ੍ਰਾਂਟ ਨੂੰ ਵੈਨਕੂਵਰ ਵਿੱਚ ਇੱਕ ਮਹਿਲਾ ਨਾਲ ਯੌਨ ਸ਼ੋਸ਼ਣ ਕਰਨ ਦੇ ਗੰਭੀਰ ਦੋਸ਼ਾਂ ਤਹਿਤ ਮੁੜ ਤੋਂ ਗ੍ਰਿਫ਼ਤਾਰ ਕੀਤਾ ਗਿਆ ਹੈ। ਪੁਲਿਸ ਮੁਤਾਬਕ ਦੋਸ਼ੀ ਦੀ ਉਮਰ 62 ਸਾਲ ਹੈ ਅਤੇ ਉਸ 'ਤੇ ਕਈ ਫੌਜਦਾਰੀ ਦੋਸ਼ ਲਗਾਏ ਗਏ ਹਨ।ਪੁਲਿਸ ਵੱਲੋਂ ਜਾਰੀ ਕੀਤੀ ਜਾਣਕਾਰੀ ਅਨੁਸਾਰ ਦੋਸ਼ ਹੈ ਕਿ ਗ੍ਰਾਂਟ ਨੇ ਆਪਣੇ ਘਰ ਵਿੱਚ 60 ਸਾਲ ਤੋਂ ਵੱਧ ਉਮਰ ਦੀ ਮਹਿਲਾ ਨੂੰ ਗੈਰਕਾਨੂੰਨੀ ਤੌਰ 'ਤੇ ਕੈਦ ਕਰਕੇ ਉਸ ਨਾਲ ਯੌਨ ਸ਼ੋਸ਼ਣ ਕੀਤਾ। ਮਹਿਲਾ ਵੱਲੋਂ ਦਿੱਤੀ ਗਈ ਸ਼ਿਕਾਇਤ ਤੋਂ ਬਾਅਦ ਪੁਲਿਸ ਨੇ ਜਾਂਚ ਸ਼ੁਰੂ ਕੀਤੀ ਅਤੇ ਦੋਸ਼ੀ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਯਾਦ ਰਹੇ ਕਿ ਮਾਰਕ ਐਡਵਰਡ ਗ੍ਰਾਂਟ ਦਾ ਨਾਮ ਪਹਿਲਾਂ ਵੀ ਚਰਚਾ ਵਿੱਚ ਆ ਚੁੱਕਾ ਹੈ। 1984 ਵਿੱਚ ਵਿੰਨੀਪੇਗ ਵਿੱਚ ਇੱਕ ਕਿਸ਼ੋਰ ਦੀ ਹੱਤਿਆ ਦੇ ਮਾਮਲੇ ਵਿੱਚ ਉਹ ਪਹਿਲਾਂ ਦੋਸ਼ੀ ਠਹਿਰਾਇਆ ਗਿਆ ਸੀ, ਪਰ ਬਾਅਦ ਵਿੱਚ ਅਪੀਲ ਦੌਰਾਨ ਉਸਨੂੰ ਬਰੀ ਕਰ ਦਿੱਤਾ ਗਿਆ ਸੀ।

# ਗ੍ਰੀਨਲੈਂਡ ਮਸਲੇ 'ਤੇ ਅਮਰੀਕੀ ਦਬਾਅ ਅੱਗੇ ਨਹੀਂ ਝੁਕਾਂਗਾ-ਕੀਟ ਸਟਾਰਮਰ

**ਲੈਸਟਰ (ਇੰਗਲੈਂਡ), (ਸੁਖਜਿੰਦਰ ਸਿੰਘ ਢੱਡੇ)–** ਬਰਤਾਨੀਆ ਦੇ ਪ੍ਰਧਾਨ ਮੰਤਰੀ ਕੀਟ ਸਟਾਰਮਰ ਨੇ ਸੰਸਦ ਵਿੱਚ ਦ੍ਰਿੜ੍ਹ ਸ਼ਬਦਾਂ ਵਿੱਚ ਕਿਹਾ ਹੈ ਕਿ ਗ੍ਰੀਨਲੈਂਡ ਦੇ ਮਸਲੇ 'ਤੇ ਅਮਰੀਕਾ ਵੱਲੋਂ ਬਣਾਏ ਜਾ ਰਹੇ ਦਬਾਅ ਅੱਗੇ ਬਰਤਾਨੀਆ ਕਿਸੇ ਵੀ ਕੀਮਤ 'ਤੇ ਨਹੀਂ ਝੁਕੇਗਾ। ਉਨ੍ਹਾਂ ਸਪਸ਼ਟ ਕੀਤਾ ਕਿ ਬਰਤਾਨੀਆ ਆਪਣੀ ਵਿਦੇਸ਼ ਨੀਤੀ ਖੁਦ ਤੈਅ ਕਰਨ ਵਾਲਾ ਖੁਦਮੁਖ਼ਤਿਆਰ ਦੇਸ਼ ਹੈ ਅਤੇ ਕਿਸੇ ਹੋਰ ਰਾਸ਼ਟਰ ਦੀ ਧਮਕੀ ਜਾਂ ਦਬਾਅ ਸਵੀਕਾਰ ਨਹੀਂ ਕੀਤਾ ਜਾਵੇਗਾ। ਪ੍ਰਧਾਨ ਮੰਤਰੀ ਨੇ ਕਿਹਾ ਕਿ ਗ੍ਰੀਨਲੈਂਡ ਦਾ ਭਵਿੱਖ ਉਥੋਂ ਦੇ ਲੋਕਾਂ ਦੀ ਇੱਛਾ ਅਤੇ ਅੰਤਰਰਾਸ਼ਟਰੀ ਕਾਨੂੰਨੀ ਮਰਿਆਦਾਵਾਂ ਦੇ ਅਧੀਨ ਹੀ ਤੈਅ ਹੋਣਾ ਚਾਹੀਦਾ ਹੈ। ਕਿਸੇ ਵੱਡੀ ਤਾਕਤ ਵੱਲੋਂ ਜ਼ਬਰਦਸਤੀ ਫ਼ੈਸਲੇ ਥੋਪਣਾ ਲੋਕਤੰਤਰਕ ਅਸੂਲਾਂ ਦੇ ਖ਼ਿਲਾਫ਼ ਹੈ ਅਤੇ ਬਰਤਾਨੀਆ ਅਜਿਹੀ ਸੋਚ ਦਾ ਵਿਰੋਧ ਕਰਦਾ ਰਹੇਗਾ।ਉਨ੍ਹਾਂ ਦੱਸਿਆ ਕਿ ਬਰਤਾਨੀਆ ਹਮੇਸ਼ਾ ਗੱਲਬਾਤ, ਆਪਸੀ ਸਨਮਾਨ ਅਤੇ ਸਹਿਯੋਗ ਦੇ ਰਾਹੀਂ ਅੰਤਰਰਾਸ਼ਟਰੀ ਮਸਲੇ ਸੁਲਝਾਉਣ 'ਚ ਵਿਸ਼ਵਾਸ ਰੱਖਦਾ ਆਇਆ ਹੈ। ਗ੍ਰੀਨਲੈਂਡ ਨਾਲ ਜੁੜਿਆ ਮਾਮਲਾ ਬਹੁਤ ਸੰਵੇਦਨਸ਼ੀਲ ਹੈ ਅਤੇ ਇਸ 'ਚ ਧੀਰਜ, ਸਮਝਦਾਰੀ ਅਤੇ ਸੰਤੁਲਿਤ ਨੀਤੀ ਦੀ ਲੋੜ ਹੈ।

ਵਿਰੋਧੀ ਧਿਰ ਵੱਲੋਂ ਪੁੱਛੇ ਗਏ ਸਵਾਲਾਂ ਦੇ ਜਵਾਬ 'ਚ ਪ੍ਰਧਾਨ ਮੰਤਰੀ ਨੇ ਕਿਹਾ ਕਿ ਅਮਰੀਕਾ ਬਰਤਾਨੀਆ ਦਾ ਮਹੱਤਵਪੂਰਨ ਸਾਥੀ ਹੈ, ਪਰ ਦੋਸਤੀ ਦਾ ਮਤਲਬ ਇਹ ਨਹੀਂ ਕਿ ਬਰਤਾਨੀਆ ਆਪਣੀ ਖੁਦਮੁਖ਼ਤਿਆਰੀ ਜਾਂ ਅਸੂਲਾਂ ਨਾਲ ਸਮਝੌਤਾ ਕਰ ਲਵੇ। ਉਨ੍ਹਾਂ ਜ਼ੋਰ ਦੇ ਕੇ ਆਖਿਆ ਕਿ ਬਰਤਾਨੀਆ ਦੀ ਆਵਾਜ਼ ਅੰਤਰਰਾਸ਼ਟਰੀ ਮੰਚ 'ਤੇ ਸਦਾ ਮਜ਼ਬੂਤ ਰਹੇਗੀ।

ਇਸ ਬਿਆਨ ਤੋਂ ਬਾਅਦ ਸੰਸਦ ਵਿੱਚ ਸਿਆਸੀ ਗਰਮੀ ਵੇਖਣ ਨੂੰ ਮਿਲੀ ਅਤੇ ਮਾਮਲੇ ਨੇ ਅੰਤਰਰਾਸ਼ਟਰੀ ਪੱਧਰ 'ਤੇ ਵੀ ਚਰਚਾ ਛੇੜ ਦਿੱਤੀ ਹੈ। ਰਾਜਨੀਤਿਕ ਮਾਹਿਰਾਂ ਦਾ ਮੰਨਣਾ ਹੈ ਕਿ ਇਹ ਬਿਆਨ ਸਾਫ਼ ਦਰਸਾਉਂਦਾ ਹੈ ਕਿ ਬਰਤਾਨੀਆ ਭਵਿੱਖ ਵਿੱਚ ਵੀ ਕਿਸੇ ਤਰ੍ਹਾਂ ਦੇ ਵਿਦੇਸ਼ੀ ਦਬਾਅ ਅੱਗੇ ਨਹੀਂ ਝੁਕੇਗਾ। ਸਰਕਾਰੀ ਸੂਤਰਾਂ ਅਨੁਸਾਰ ਬਰਤਾਨੀਆ ਆਪਣੇ ਸਾਥੀ ਦੇਸ਼ਾਂ ਨਾਲ ਵਪਾਰਕ ਅਤੇ ਸੁਰੱਖਿਆ ਸਹਿਯੋਗ ਜਾਰੀ ਰੱਖੇਗਾ, ਪਰ ਨਾਲ ਹੀ ਇਹ ਵੀ ਸਪਸ਼ਟ ਹੈ ਕਿ ਹਰ ਫ਼ੈਸਲਾ ਦੇਸ਼ ਦੇ ਹਿੱਤਾਂ, ਕਾਨੂੰਨ ਅਤੇ ਲੋਕਤੰਤਰਕ ਮਰਿਆਦਾਵਾਂ ਦੇ ਅਨੁਸਾਰ ਹੀ ਲਿਆ ਜਾਵੇਗਾ।

# ਮਿੰਨੀ ਕਹਾਣੀ/ ਗੱਲਬਾਤ......

'ਤੁਸੀਂ ਕਾਲਜ ਵਿੱਚ ਦਾਖਲ ਹੋ ਗਏ ਹੋ,ਬਹੁਤ ਖ਼ੁਸ਼ੀ ਦੀ ਗੱਲ ਹੈ।ਮੈਨੂੰ ਦੱਸੋ ਕਿ ਕਿਹੜੇ ਵਿਸ਼ੇ ਲਏ ਹਨ?'ਮੈਂ ਆਪਣੀ ਪੋਤੀ ਨੂੰ ਪੁੱਛਿਆ,ਜੋ ਹੁਣੇ-ਹੁਣੇ ਦਾਖਲਾ ਲੈ ਕੇ ਆਈ ਸੀ ।

'ਦਾਦੂ,ਮੈਂ ਆਪਣੀ ਸਾਰੀ ਜਾਣਕਾਰੀ ਆਪਣੇ ਫੇਸਬੁੱਕ ਪ੍ਰੋਫਾਈਲ 'ਤੇ ਪਾ ਦਿੱਤੀ ਹੈ। ਤੁਸੀਂ ਮੇਰੇ ਦੋਸਤ ਬਣਨ ਦੀ ਬੇਨਤੀ ਭੇਜੋ ਅਤੇ ਤੁਹਾਨੂੰ ਇਸ ਬਾਰੇ ਵੇਰਵੇ ਸਹਿਤ ਸਾਰਾ ਪਤਾ ਲੱਗ ਜਾਵੇਗਾ। ਆਈ ਐਮ ਸੋ ਸੌਰੀ,ਦਾਦੂ,ਏਨਾ ਕਿਵੇਂ ਦੱਸਾਂ?

ਇਹ ਸੁਝਾ ਦੇ ਕੇ ਉਹ ਸੈੱਲ ਫ਼ੋਨ ਨਾਲ ਜੁੜ ਗਈ। ਮੈਂ ਅੱਗੋਂ ਕੀ ਕਹਿਣਾ ਸੀ। ਲਾਜਵਾਬ ਹੋ ਗਿਆ।

ਮੇਰੀ ਬਜ਼ੁਰਗੀ ਵਾਲੀ ਆਦਤ ਕਿੱਥੇ ਚੁੱਪ ਰਹਿਣ ਦਿੰਦੀ ਹੈ? ਕੋਲੇ ਬੈਠੇ ਆਪਣੇ ਪੁੱਤ ਨੂੰ ਪੁੱਛ ਬੈਠਾ,' ਪੱਤਰਾਂ! ਅੱਜ ਸਵੇਰੇ- ਸਵੇਰੇ ਤੈਨੂੰ ਮਿਲਣ ਕੌਣ ਆਇਆ ਸੀ?'

ਉਹਨੇ ਮੇਰੇ ਵੱਲ ਬਿਨਾ ਦੇਖਿਆਂ,ਮੂੰਹ ਬਣਾ ਕੇ, ਫ਼ੋਨ ਤੇ ਟਿਕ-ਟਿਕ ਕਰਦਿਆਂ ਕਿਹਾ,'ਪਿਤਾ ਜੀ, 'ਟਵਿੱਟਰ' ਤੇ ਮੈਨੂੰ ਫੋਲੋ ਕਰ ਲਉ। ਇਸ ਬਾਰੇ ਸਭ ਪਤਾ ਲੱਗ ਜਾਵੇਗਾ।ਮੈਂ ਹੁਣ ਬਿਜ਼ੀ ਹਾਂ।

ਮੈਂ ਉਹਦੇ ਚਿਹਰੇ ਦੇ ਬਦਲਦੇ ਹਵਾ-ਭਾਵ,ਚੁੱਪ-ਚਾਪ ਦੇਖਣ ਲੱਗਾ। ਸੋਚਿਆ'ਛੱਡੋ ਖਹਿੜਾ,ਕੀ ਲੈਣਾ ਬੱਚਿਆ ਤੋ? ਘਰ ਵਾਲੀ ਤੋਂ ਪੁੱਛਦੇ ਹਾਂ ਕਿ ਅੱਜ ਕੀ ਪਕਾਇਆ?

ਮੈਂ ਆਪਣੀ ਪਤਨੀ ਨੂੰ ਬੁਲਾਇਆ ਤੇ ਕਿਹਾ ਕਿ ਮੈਨੂੰ ਬਹੁਤ ਭੁੱਖ ਲੱਗੀ ਹੈ। ਤੁਸੀਂ ਅੱਜ ਕੀ ਪਕਾਇਆ ਹੈ? ਉਹ ਤਾਂ ਬੱਚਿਆ ਤੋਂ ਵੀ ਉੱਤੋਂ ਦੀ ਨਿਕਲੀ। ਜਵਾਬ ਦਿੱਤਾ ਕਿ ਇਹ ਜਾਣਨ ਲਈ, ਮੇਰੇ ਅੱਜ ਦੇ ਯੂਟਿਊਬ ਚੈਨਲ 'ਤੇ ਜਾਓ ਅਤੇ ਘੰਟੀ ਦਾ ਬਟਨ ਦੱਬਣਾ ਨਾ ਭੁੱਲਣਾ। ਉੱਥੇ ਸਭ ਵੇਰਵੇ ਸਹਿਤ ਦਿੱਤਾ ਹੋਇਆਂ ਹੈ।'



ਮੈਂ ਉਹਦੇ ਮੂੰਹ ਵੱਲ ਬਿਟ-ਬਿਟ ਦੇਖ ਰਿਹਾ ਸੀ।ਉਹ ਸਿਆਣੀ ਸੀ,ਸਮਝ ਗਈ। ਕਹਿਣ ਲੱਗੀ ਕਿ ਤੁਸੀਂ ਯੂ ਟਿਊਬ ਦੇਖੋ,ਮੈਂ ਖਾਣਾ ਪਰੋਸਦੀ ਹਾਂ।

ਮੈਂ ਦਿਲ 'ਚ ਸੋਚਾਂ ਕਿ ਬਈ,ਕਰ ਲੋ ਘਿਉ ਨੂੰ ਭਾਂਡਾ! ਇਹ ਇੰਟਰਨੈੱਟ ਤਾਂ ਜੱਗੋਂ ਤੇਰ੍ਹਵੀਂ ਕਰੀ ਜਾਂਦਾ। ਬੁੱਢਿਆਂ ਨੂੰ ਤਾਂ ਹੁਣ ਕੋਈ ਪੁੱਛਦਾ ਹੀ ਨਹੀਂ।ਰੱਬ,ਭਲੀ ਕਰੇ।ਕੋਈ ਗੱਲ ਬਾਤ ਹੀ ਨੀ ਕਰ ਕੇ ਰਾਜ਼ੀ।

**ਸੁਰਜੀਤ ਸਿੰਘ ਭੁੱਲਰ**

# ਲੋਕਾਂ ਨੂੰ ਟ੍ਰੈਫਿਕ ਨਿਯਮਾਂ ਤੋਂ ਜਾਗਰੂਕ ਕਰਨ ਲਈ ਕੱਢੀ ਗਈ ਜਾਗਰੂਕਤਾ ਰੈਲੀ

***ਖੇਤਰੀ ਟਰਾਂਸਪੋਰਟ ਅਧਿਕਾਰੀ ਨੇ ਲੋਕਾਂ ਨੂੰ ਟ੍ਰੈਫਿਕ ਨਿਯਮਾਂ ਦੀ ਪਾਲਣਾ ਕਰਨ ਦੀ ਕੀਤੀ ਅਪੀਲ***

**ਨਵਾਂਸ਼ਹਿਰ, (ਜਤਿੰਦਰ ਪਾਲ ਸਿੰਘ ਕਲੇਰ )** ਡਿਪਟੀ ਕਮਿਸ਼ਨਰ ਅੰਕੁਰਜੀਤ ਸਿੰਘ ਦੇ ਦਿਸ਼ਾ-ਨਿਰਦੇਸ਼ਾਂ ਹੇਠ ਸੜਕ ਸੁਰੱਖਿਆ ਮਹੀਨੇ ਦੌਰਾਨ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਵੱਖ-ਵੱਖ ਵਿਭਾਗਾਂ ਦੇ ਸਹਿਯੋਗ ਨਾਲ ਵੱਖ-ਵੱਖ ਗਤੀਵਿਧੀਆਂ ਕਰਵਾਈਆਂ ਜਾ ਰਹੀ ਹਨ। ਇਹ ਜਾਣਕਾਰੀ ਖੇਤਰੀ ਟਰਾਂਸਪੋਰਟ ਅਧਿਕਾਰੀ ਇੰਦਰਪਾਲ ਨੇ ਦਿੰਦਿਆ ਦੱਸਿਆ ਕਿ ਅੱਜ ਸੜਕ ਸੁਰੱਖਿਆ ਮੁਹਿੰਮ ਤਹਿਤ ਅੰਬੇਡਕਰ ਚੌਕ ਤੋਂ ਜਾਗਰੂਕਤਾ ਰੈਲੀ ਕੱਢੀ ਗਈ। ਇਸ ਜਾਗਰੂਕਤਾ ਰੈਲੀ ਵਿੱਚ ਕੈਮਬ੍ਰਿਜ ਇੰਟਰਨੈਸ਼ਨ ਸਕੂਲ ਦੇ ਵਿਦਿਆਰਥੀਆਂ ਵੱਲੋਂ ਲੋਕਾਂ ਨੂੰ ਟ੍ਰੈਫਿਕ ਨਿਯਮਾਂ ਦੀ ਪਾਲਣਾ ਸਬੰਧੀ ਜਾਗਰੂਕ ਕੀਤਾ ਗਿਆ ਹੈ। ।

ਖੇਤਰੀ ਟਰਾਂਸਪੋਰਟ ਅਧਿਕਾਰੀ ਇੰਦਰਪਾਲ ਨੇ ਕਿਹਾ ਕਿ ਇਹ ਜਾਗਰੂਕਤਾ ਰੈਲੀ ਅੰਬੇਡਕਰ ਚੌਕ ਤੋਂ ਸ਼ੁਰੂ ਹੋਈ ਜੋ ਕਿ ਚੰਡੀਗੜ੍ਹ ਚੌਕ ਤੋਂ ਫੱਟੀ ਬਸਤਾ ਚੌਕ ਤੋਂ ਵਾਪਸ ਅੰਬੇਡਕਰ ਚੌਕ ਵਿਖੇ ਸਮਾਪਤ ਹੋਈ। ਇਸ ਰੈਲੀ ਦੌਰਾਨ ਸਕੂਲੀ ਵਿਦਿਆਰਥੀਆਂ ਵੱਲੋਂ ਨਾਅਰੇ ਲਗਾ ਕੇ ਲੋਕਾਂ ਨੂੰ ਟ੍ਰੈਫਿਕ ਨਿਯਮਾਂ ਦੀ ਪਾਲਣਾ ਲਈ ਜਾਗਰੂਕ ਕੀਤਾ ਗਿਆ। ਉਨ੍ਹਾਂ ਦੱਸਿਆ ਕਿ



ਸਰਕਾਰ ਵੱਲੋਂ ਜਾਰੀ ਹਦਾਇਤਾਂ ਦੇ ਸਨਮੁੱਖ ਜਨਵਰੀ ਮਹੀਨਾ ਰਾਸ਼ਟਰੀ ਸੜਕ ਸੁਰਖਿਆ ਮਹੀਨੇ ਦੇ ਤੌਰ 'ਤੇ ਮਨਾਇਆ ਜਾ ਰਿਹਾ ਹੈ ਜਿਸ ਤਹਿਤ ਜ਼ਿਲ੍ਹੇ ਅੰਦਰ 1 ਜਨਵਰੀ ਤੋਂ 31 ਜਨਵਰੀ ਤੱਕ ਲੋਕਾਂ ਨੂੰ ਟ੍ਰੈਫਿਕ ਨਿਯਮਾਂ ਤੋਂ ਜਾਣੂੰ ਕਰਵਾਉਣ ਲਈ ਵੱਖ-ਵੱਖ ਗਤੀਵਿਧੀਆਂ ਕਰਵਾਈਆ ਜਾ ਰਹੀਆਂ ਹਨ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਟ੍ਰੈਫਿਕ ਨਿਯਮਾਂ ਦੀ ਪਾਲਣਾ ਨੂੰ ਯਕੀਨੀ ਬਣਾਉਣ।

ਉਨ੍ਹਾਂ ਦੱਸਿਆ ਕਿ ਚਲਾਈ ਗਈ ਜਾਗਰੂਕਤਾ ਮੁਹਿੰਮ ਤਹਿਤ ਧੁੰਦ ਤੋਂ ਬਚਨ ਲਈ ਵੱਖ ਵੱਖ ਥਾਵਾਂ 'ਤੇ ਟਰੈਕਟਰ ਟਰਾਲੀਆਂ ਅਤੇ ਹੋਰ ਵਹੀਕਲਾਂ 'ਤੇ ਰਿਫਲੈਕਟਰ ਲਗਾਏ ਗਏ, ਜਾਗਰੂਕਤਾ ਮੁਹਿੰਮ ਅਧੀਨ ਹਸਤਾਖਰ ਮੁਹਿੰਮ ਚਲਾਈ ਗਈ, ਲਾਈਸੰਸ ਬਣਾਉਣ ਲਈ ਆਏ ਬਿਨੈਕਾਰਾਂ ਲਈ ਅੱਖਾਂ ਦਾ ਚੈਕਅਪ ਕੈਂਪ ਲਗਾਇਆ ਗਿਆ। ਇਸ ਤੋਂ ਇਲਾਵਾ ਦੋਪਹੀਆ ਵਾਹਨਾਂ 'ਤੇ ਸਫਰ ਕਰਨ ਵਾਲਿਆਂ ਨੂੰ ਮੁਫ਼ਤ ਹੈਲਮਟ ਵੰਡ ਕੇ ਟ੍ਰੈਫਿਕ ਨਿਯਮਾਂ ਦੀ ਪਾਲਣਾ ਤੇ ਹੈਲਮਟ ਦੀ ਮਹੱਤਤਾ ਬਾਰੇ ਦੱਸਿਆ ਗਿਆ। ਸਕੂਲਾਂ ਤੇ ਕਾਲਜਾਂ ਵਿੱਚ ਸੈਮੀਨਾਰ ਕਰਵਾ ਕੇ ਜਿਥੇ ਵਿਦਿਆਰਥੀਆਂ, ਅਧਿਆਪਕਾਂ ਨੂੰ ਜਾਗਰੂਕ ਕੀਤਾ ਗਿਆ, ਉੱਥੇ ਹੀ ਸਕੂਲਾਂ/ਕਾਲਜਾਂ ਦੇ ਡਰਾਈਵਰਾਂ ਨੂੰ ਵੀ ਜਾਗਰੂਕ ਕੀਤਾ ਗਿਆ। ਇਸ ਦੇ ਨਾਲ ਹੀ ਟੈਕਸੀ ਅਤੇ ਬੱਸ ਡਰਾਈਵਰਾਂ ਲਈ ਅੱਖਾਂ ਦਾ ਚੈਕਅਪ ਕੈਂਪ ਵੀ ਲਗਾਇਆ ਗਿਆ। ਇਸੇ ਤਰ੍ਹਾਂ ਹੀ ਸਬ ਡਵੀਜ਼ਨਾਂ ਵਿੱਚ ਵੱਖ-ਵੱਖ ਗਤੀਵਿਧੀਆਂ ਕਰਕੇ ਲੋਕਾਂ ਨੂੰ ਜਾਗਰੂਕ ਕੀਤਾ ਜਾ ਰਿਹਾ ਹੈ।

# ਹੜ੍ਹ ਪੀੜ੍ਹਤ ਮੰਡ ਇਲਾਕੇ ਲਈ ਸੰਤ ਸੀਚੇਵਾਲ ਵੱਲੋਂ ਦੋ ਮੋਟਰ ਬੋਟਾਂ ਦਿੱਤੀਆਂ

## ਰਾਮਪੁਰਾ ਗੋਹਰਾ ਪਿੰਡ ਵਿੱਚ ਅਜੇ ਵੀ ਬਿਆਸ ਦਰਿਆ ਕਰ ਰਿਹਾ ਹੈ ਤਬਾਹੀ

**ਕਪੂਰਥਲਾ, ( ਕੌੜਾ)-** ਹੜ੍ਹ ਪ੍ਰਭਾਵਿਤ ਮੰਡ ਇਲਾਕੇ ਦੇ ਪਿੰਡ ਰਾਮਪੁਰਾ ਗੋਹਰਾ ਵਿੱਚ ਬਿਆਸ ਦਰਿਆ ਦੀ ਮਾਰ ਅਜੇ ਤੱਕ ਜਾਰੀ ਹੈ। ਦਰਿਆ ਦੇ ਵਹਾਅ ਕਾਰਨ ਇੱਥੇ ਇੱਕ ਘਰ ਨੂੰ ਅਜੇ ਵੀ ਭਾਰੀ ਨੁਕਸਾਨ ਪਹੁੰਚ ਰਿਹਾ ਹੈ। ਇਸ ਸਥਿਤੀ ਨੂੰ ਧਿਆਨ ਵਿੱਚ ਰੱਖਦਿਆਂ ਰਾਜ ਸਭਾ ਮੈਂਬਰ ਸੰਤ ਬਲਬੀਰ ਸਿੰਘ ਸੀਚੇਵਾਲ ਨੇ ਆਪਣੇ ਅਖਤਿਆਰੀ ਫੰਡ ਵਿੱਚੋਂ ਦੋ ਮੋਟਰ ਬੋਟਾਂ ਪਿੰਡ ਰਾਮਪੁਰਾ ਗੋਹਰਾ ਅਤੇ ਬਾਊਪੁਰ ਜਦੀਦ ਦੀਆਂ ਪੰਚਾਇਤਾਂ ਨੂੰ ਸੌਂਪੀਆਂ।

ਮੋਟਰ ਬੋਟਾਂ ਸੌਂਪਦੇ ਹੋਏ ਸੰਤ ਸੀਚੇਵਾਲ ਨੇ ਕਿਹਾ ਕਿ ਹੜ੍ਹਾਂ ਦੌਰਾਨ ਮੰਡ ਇਲਾਕੇ ਦੇ ਪਿੰਡਾਂ ਨੂੰ ਪਾਣੀ ਦੀਆਂ ਟੈਂਕੀਆਂ ਅਤੇ ਮੋਟਰ ਬੋਟਾਂ ਮੁਹੱਈਆ ਕਰਵਾਉਣ ਦਾ ਐਲਾਨ ਕੀਤਾ ਗਿਆ ਸੀ। ਇਸ ਤੋਂ ਪਹਿਲਾਂ ਆਹਲੀ ਕਲਾਂ ਅਤੇ ਸਾਂਗਰਾ ਪਿੰਡਾਂ ਨੂੰ ਵੀ ਮੋਟਰ ਬੋਟਾਂ ਦਿੱਤੀਆਂ ਜਾ ਚੁੱਕੀਆਂ ਹਨ। ਉਨ੍ਹਾਂ ਦੱਸਿਆ ਕਿ ਬਿਆਸ ਦਰਿਆ ਦੇ ਵਹਾਅ ਵਿੱਚ ਆਏ ਬਦਲਾਅ ਕਾਰਨ ਪਿੰਡ ਰਾਮਪੁਰਾ ਗੋਹਰਾ ਦੇ ਕਰੀਬ 10 ਘਰਾਂ ਨੂੰ ਭਾਰੀ ਢਾਅ ਲੱਗੀ ਸੀ, ਜਦਕਿ ਇੱਕ ਘਰ ਅਜੇ ਵੀ ਦਰਿਆ ਦੀ ਮਾਰ ਹੇਠ ਹੈ। ਦਰਿਆ ਦਾ ਸੁੱਕਦਾ ਪਾਣੀ ਉਸ ਘਰ ਦੇ ਵਿਹੜੇ ਵਿੱਚੋਂ ਲੰਘ ਰਿਹਾ ਹੈ, ਜਿਸ ਨਾਲ ਪਰਿਵਾਰ ਨੂੰ ਵੱਡੀ ਮੁਸ਼ਕਲ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਇਸ ਮੌਕੇ ਪਿੰਡ ਰਾਮਪੁਰਾ ਗੋਹਰਾ ਦੇ ਸਰਪੰਚ ਗੁਰਪ੍ਰੀਤ ਸਿੰਘ ਅਤੇ ਬਾਊਪੁਰ ਜਦੀਦ ਦੇ ਪੰਚਾਂ ਨੇ ਮੋਟਰ ਬੋਟਾਂ ਮਿਲਣ 'ਤੇ ਸੰਤ ਸੀਚੇਵਾਲ ਦਾ ਧੰਨਵਾਦ ਕੀਤਾ। ਦੋਵੇਂ ਪਿੰਡਾਂ ਦੇ ਮੋਹਤਬਰਾਂ ਨੇ ਕਿਹਾ ਕਿ ਹੜ੍ਹਾਂ ਦੌਰਾਨ ਸਭ ਤੋਂ ਵੱਧ ਮਦਦ ਰਾਜ ਸਭਾ ਮੈਂਬਰ ਸੰਤ ਬਲਬੀਰ ਸਿੰਘ ਸੀਚੇਵਾਲ ਵੱਲੋਂ ਕੀਤੀ ਗਈ ਅਤੇ ਅਜੇ ਵੀ ਉਹ ਲਗਾਤਾਰ ਖੇਤਾਂ ਨੂੰ



ਪੱਧਰਾ ਕਰਨ ਅਤੇ ਇਲਾਕੇ ਦੀ ਸੇਵਾ ਵਿੱਚ ਜੁਟੇ ਹੋਏ ਹਨ।.

ਮੋਟਰ ਬੋਟਾਂ ਸੌਂਪਣ ਸਮੇਂ ਸੁਲਤਾਨਪੁਰ ਲੋਧੀ ਦੇ ਤਹਿਸੀਲਦਾਰ ਪਰਮਿੰਦਰ ਸਿੰਘ ਨੇ ਕਿਹਾ ਕਿ ਸੰਤ ਸੀਚੇਵਾਲ ਵੱਲੋਂ ਇਨ੍ਹਾਂ ਪਿੰਡਾਂ ਨੂੰ ਕਿਸ਼ਤੀਆਂ ਦੇਣਾ ਵੱਡਾ ਸਹਿਯੋਗ ਹੈ। ਉਨ੍ਹਾਂ ਦੱਸਿਆ ਕਿ ਬਿਆਸ ਨਾਲ ਜੁੜੇ ਇਸ ਇਲਾਕੇ ਵਿੱਚ ਹੜ੍ਹਾਂ ਦੌਰਾਨ ਭਾਰੀ ਨੁਕਸਾਨ ਹੋਇਆ ਸੀ ਅਤੇ ਪ੍ਰਸ਼ਾਸਨ ਸੰਤ ਸੀਚੇਵਾਲ ਦੀ ਅਗਵਾਈ ਹੇਠ ਪਹਿਲੇ ਦਿਨ ਤੋਂ ਹੀ ਲੋਕਾਂ ਦੀ ਸੇਵਾ ਵਿੱਚ ਲੱਗਾ ਹੋਇਆ ਹੈ। ਉਨ੍ਹਾਂ ਕਿਹਾ ਕਿ ਕਾਰਸੇਵਾ ਦੇ ਕੰਮ ਅਜੇ ਵੀ ਜਾਰੀ ਹਨ। ਇਸ ਦੌਰਾਨ ਬੀ.ਡੀ.ਪੀ.ਓ ਦਫਤਰ ਦੇ ਅਧਿਕਾਰੀ ਵੀ ਮੌਜੂਦ ਰਹੇ। ਜ਼ਿਕਰਯੋਗ ਹੈ ਕਿ ਇਹਨਾਂ ਕਿਸ਼ਤੀਆ ਲਈ ਬੰਬੇ ਤੋਂ ਆਏ ਇੰਜੀਅਨਰ ਨੇ ਪੰਚਾਇਤਾਂ ਨੂੰ ਨਾਲ ਲੈ ਕੇ ਪਵਿੱਤਰ ਕਿਨਾਰੇ ਪਹਿਲਾਂ ਇਸਦਾ ਟਰਾਇਲ ਕਰਵਾਇਆ ਅਤੇ ਇਸ ਬਾਰੇ ਸਿਖਲਾਈ ਦਿੱਤੀ ਗਈ। ਜਿਸਤੋਂ ਬਾਅਦ ਇਹਨਾਂ ਕਿਸ਼ਤੀ ਨੂੰ ਪੰਚਾਇਤਾਂ ਨੂੰ ਦੇ ਸੁਪਰਦ ਕਰ ਦਿੱਤਾ ਗਿਆ।

**ਬੱਚਿਆਂ ਦੀਆਂ ਫੀਸਾਂ ਲਈ ਮਦਦ ਦੀ ਅਪੀਲ**

ਹੜ੍ਹ ਪ੍ਰਭਾਵਿਤ ਇਲਾਕੇ ਵਿੱਚ ਕਿਸਾਨਾਂ ਅਤੇ ਮਜ਼ਦੂਰਾਂ ਦੀ ਲਗਾਤਾਰ ਸੇਵਾ ਕਰ ਰਹੇ ਸੰਤ ਸੀਚੇਵਾਲ ਨੇ ਸੰਗਤਾਂ ਨੂੰ ਅਪੀਲ ਕੀਤੀ ਕਿ ਲੋੜਵੰਦ ਪਰਿਵਾਰਾਂ ਦੇ ਬੱਚਿਆਂ ਦੀ ਸਿੱਖਿਆ ਲਈ ਮਦਦ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਹੜ੍ਹਾਂ ਕਾਰਨ ਕਿਸਾਨਾਂ ਨੂੰ ਭਾਰੀ ਆਰਥਿਕ ਨੁਕਸਾਨ ਝੱਲਣਾ ਪਿਆ ਹੈ—ਫਸਲਾਂ ਤਬਾਹ ਹੋਣ ਨਾਲ ਨਾਲ ਬੱਚਿਆਂ ਦੀਆਂ ਸਕੂਲੀ ਫੀਸਾਂ ਦੇਣੀ ਵੀ ਮੁਸ਼ਕਲ ਬਣ ਗਈ ਹੈ। ਸੰਤ ਸੀਚੇਵਾਲ ਨੇ ਦੋ ਬੱਚਿਆਂ ਦੀਆਂ ਪੰਜ ਮਹੀਨਿਆਂ ਦੀ ਸਕੂਲੀ ਫੀਸ ਅਦਾ ਕਰਦਿਆਂ ਕਿਹਾ ਕਿ ਮੰਡ ਇਲਾਕੇ ਵਿੱਚ ਅਜੇ ਵੀ ਕਈ ਬੱਚੇ ਅਜਿਹੇ ਹਨ ਜਿਨ੍ਹਾਂ ਨੂੰ ਫੀਸਾਂ ਲਈ ਸਹਾਇਤਾ ਦੀ ਲੋੜ ਹੈ। ਉਨ੍ਹਾਂ ਪਰਵਾਸੀ ਪੰਜਾਬੀਆਂ ਦਾ ਵੀ ਧੰਨਵਾਦ ਕੀਤਾ, ਜਿਨ੍ਹਾਂ ਨੇ ਹੜ੍ਹਾਂ ਦੌਰਾਨ ਵੱਡੇ ਪੱਧਰ 'ਤੇ ਮਦਦ ਕੀਤੀ। ਉਨ੍ਹਾਂ ਕਿਹਾ ਕਿ ਮੰਡ ਇਲਾਕੇ ਨੂੰ ਅਜੇ ਵੀ ਮਦਦ ਦੀ ਸਖ਼ਤ ਲੋੜ ਹੈ।

# ਇਤਿਹਾਸਿਕ ਦਿੱਲੀ ਗੇਟ ਦੀ ਰੈਨੋਵੇਸ਼ਨ ਜਲਦੀ ਕੀਤੀ ਜਾਵੇ - ਸਿਮਰਨਜੋਤ ਭਾਰਤੀ

**ਰਾਹੋਂ (ਸਤਨਾਮ ਸਿੰਘ ਸਹੂੰਗੜਾ)** ਜੋਤ ਸੋਸ਼ਲ ਅਵੇਅਰਨੈੱਸ ਐਂਡ ਵੈੱਲਫੇਅਰ ਸੁਸਾਇਟੀ ਰਾਹੋਂ ਦੀ ਡਾਕੂਮੈਂਟੇਸ਼ਨ ਅਫ਼ਸਰ ਕੁਮਾਰੀ ਸਿਮਰਨਜੋਤ ਭਾਰਤੀ ਨੇ ਦੱਸਿਆ ਕਿ ਇਤਿਹਾਸਿਕ ਦਿੱਲੀ ਗੇਟ ਰਾਹੋਂ ਦੀ ਰੈਨੋਵੇਸ਼ਨ ਲਈ ਸ਼੍ਰੀਮਤੀ ਨਵਜੋਤ ਕੌਰ ਭਾਰਤੀ ਮਿਊਂਸੀਪਲ ਕੌਂਸਲਰ ਦੇ ਯਤਨਾਂ ਸਦਕਾ ਨਗਰ ਕੌਂਸਲ ਰਾਹੋਂ ਦੀ ਮੀਟਿੰਗ ਮਿਤੀ 05-07-2021 ਦੌਰਾਨ ਏਜੰਡਾ ਪ੍ਰਪੋਜ਼ਲ ਨੰ:-24 ਦੇ ਲੜੀ ਨੰ.6(ਭ) ਅਤੇ ਮੀਟਿੰਗ ਮਿਤੀ 17-02-2023 ਦੌਰਾਨ ਏਜੰਡਾ ਪ੍ਰਪੋਜ਼ਲ ਨੰ:-15 ਅਨੁਸਾਰ 3,00,000/-ਰੁਪਏ ਦੀ ਗ੍ਰਾਂਟ ਮਨਜ਼ੂਰ ਕਰਕੇ ਰੈਨੋਵੇਸ਼ਨ ਦਾ ਕਾਰਜ ਸ਼ੁਰੂ ਕੀਤਾ ਗਿਆ ਸੀ। ਜਿਸ ਨੂੰ ਕੁਝ ਕਾਰਨਾਂ ਕਰਕੇ ਜਲਦੀ ਹੀ ਰੋਕ ਦਿੱਤਾ ਗਿਆ ਸੀ। ਇਸ ਤੋਂ ਬਾਅਦ ਇਸ ਕਾਰਜ ਨੂੰ ਦੁਬਾਰਾ ਸ਼ੁਰੂ ਕਰਵਾਉਣ ਲਈ ਸ਼੍ਰੀਮਤੀ ਨਵਜੋਤ ਕੌਰ ਭਾਰਤੀ ਮਿਊਂਸੀਪਲ ਕੌਂਸਲਰ ਰਾਹੋਂ ਵਲੋਂ ਪੱਤਰ ਨੰ:-



01,02/ਸਪੈਸ਼ਲ/2023 ਮਿਤੀ 21/07/2023 ਰਾਹੀਂ ਡਿਪਟੀ ਕਮਿਸ਼ਨਰ ਸ਼ਹੀਦ ਭਗਤ ਸਿੰਘ ਨਗਰ ਅਤੇ ਕਾਰਜ ਸਾਧਕ ਅਫ਼ਸਰ ਨਗਰ ਕੌਂਸਲ ਰਾਹੋਂ ਨੂੰ ਇਸ ਕਾਰਜ ਸਬੰਧੀ ਯਾਦ ਕਰਵਾਇਆ ਗਿਆ ਸੀ। ਇਸ ਤੋਂ ਬਾਅਦ ਇਤਿਹਾਸਕ ਦਿੱਲੀ ਗੇਟ ਦੀ ਰੈਨੋਵੇਸ਼ਨ ਲਈ ਜੋਤ ਸੋਸ਼ਲ ਅਵੇਅਰਨੈੱਸ ਐਂਡ ਵੈੱਲਫੇਅਰ ਸੁਸਾਇਟੀ ਵੱਲੋਂ ਪੱਤਰ ਨੰ:-06 ਮਿਤੀ 18/12/2025 ਰਾਹੀਂ ਵੀ ਕਾਰਜ ਸਾਧਕ ਅਫ਼ਸਰ ਨਗਰ ਕੌਂਸਲ ਰਾਹੋਂ ਨੂੰ ਇਸ ਕਾਰਜ ਸਬੰਧੀ ਯਾਦ ਕਰਵਾਉਂਦੇ ਹੋਏ ਬੇਨਤੀ ਕੀਤੀ ਗਈ ਸੀ। ਪਰ ਇਸ ਕਾਰਜ ਨੂੰ ਅਜੇ ਤੱਕ ਲੰਬਾ ਸਮਾਂ ਬੀਤ ਜਾਣ ਬਾਅਦ ਵੀ ਸ਼ੁਰੂ ਨਹੀਂ ਕੀਤਾ ਗਿਆ। ਸਿਮਰਨਜੋਤ ਭਾਰਤੀ ਨੇ ਡਿਪਟੀ ਕਮਿਸ਼ਨਰ ਸ਼ਹੀਦ ਭਗਤ ਸਿੰਘ ਨਗਰ ਪਾਸੋਂ ਪੁਰ-ਜ਼ੋਰ ਮੰਗ ਕੀਤੀ, ਕਿ ਇਤਿਹ-ਾਸਿਕ ਦਿੱਲੀ ਗੇਟ ਦੀ ਰੈਨੋਵੇਸ਼ਨ ਦੇ ਇਸ ਕਾਰਜ ਨੂੰ ਉੱਚ ਪੱਧਰੀ ਕੁਆਲਿਟੀ ਦੇ ਮਟੀਰੀਅਲ ਨਾਲ ਜਲਦੀ ਸ਼ੁਰੂ ਕਰਵਾਉਂਦੇ ਹੋਏ ਮੁਕੰਮਲ ਕੀਤਾ ਜਾਵੇ।

# ਬਾਬਾ ਲੀਡਰ ਸਿੰਘ ਜੀ ਸੈਫਲਾਬਾਦ ਵੱਲੋਂ ਅਧਿਆਪਕ ਦਲ ਪੰਜਾਬ ਦਾ ਸਲਾਨਾ ਕੈਲੰਡਰ ਲੋਕ ਅਰਪਿਤ

**●ਅਧਿਆਪਕ ਦਲ ਪੰਜਾਬ ਦੁਆਰਾ ਅਧਿਆਪਕ ਵਰਗ ਦੇ ਹੱਕਾਂ ਅਤੇ ਹਿੱਤਾਂ ਲਈ ਕੀਤੇ ਜਾ ਰਹੇ ਯਤਨਾਂ ਦੀ ਕੀਤੀ ਸ਼ਲਾਘਾ ●ਅਧਿਆਪਕ ਵਰਗ ਨੂੰ ਨਵੇਂ ਸਾਲ ਦੀ ਦਿੱਤੀ ਮੁਬਾਰਕਬਾਦ**

**ਕਪੂਰਥਲਾ, (ਕੌੜਾ)-** ਅਧਿਆਪਕ ਵਰਗ ਦੀ ਸਿਰਮੌਰ ਜਥੇਬੰਦੀ ਅਧਿਆਪਕ ਦਲ ਪੰਜਾਬ ਦਾ ਸਲਾਨਾ ਕੈਲੰਡਰ ਜੋ ਕਿ ਧੰਨ ਧੰਨ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350 ਸਾਲਾਂ ਸ਼ਹੀਦੀ ਗੁਰ-ਪੁਰਬ ਸਮਰਪਿਤ ਕੀਤਾ ਗਿਆ ਹੈ। ਅੱਜ ਉਸ ਕੈਲੰਡਰ ਨੂੰ ਲੋਕ ਅਰਪਿਤ ਕਰਨ ਦੀ ਰਸਮ ਬਾਬਾ ਲੀਡਰ ਸਿੰਘ ਮੁੱਖ ਸੇਵਾਦਾਰ ਗੁਰਦੁਆਰਾ ਗੁਰਸਰ ਸਾਹਿਬ ਪਾਤਸ਼ਾਹੀ ਛੇਵੀਂ ਸੈਫਲਾਬਾਦ ਤੇ ਟਾਹਲੀ ਸਾਹਿਬ ਬਲੇਰਖਾਨਪੁਰ ਵਾਲਿਆਂ ਵੱਲੋਂ ਆਪਣੇ ਕਰ ਕਰਮਾਂ ਨਾਲ ਕੀਤੀ ਗਈ। ਇਸ ਮੌਕੇ ਬੋਲਦਿਆਂ ਉਹਨਾਂ ਸਮੁੱਚੇ ਅਧਿਆਪਕ ਭਾਈਚਾਰੇ ਨੂੰ ਨਵੇਂ ਸਾਲ ਦੀ ਵਧਾਈ ਦਿੱਤੀ ਅਤੇ ਪਿਛਲੇ ਸਮੇਂ ਦੌਰਾਨ ਅਧਿਆਪਕਾਂ ਦੇ ਹੱਕਾਂ ਤੇ ਅਧਿਕਾਰਾਂ ਲਈ ਅਧਿਆਪਕ ਦਲ ਪੰਜਾਬ ਵੱਲੋਂ ਕੀਤੇ ਗਏ ਯਤਨਾਂ ਦੀ ਸ਼ਲਾਘਾ ਕਰਦੇ ਹੋਏ ਆਸ ਪ੍ਰਗਟ ਕੀਤੀ ਕਿ ਆਉਣ ਵਾਲੇ ਸਮੇਂ ਵਿੱਚ ਵੀ ਅਧਿਆਪਕ ਦਲ ਪੰਜਾਬ ਵੱਲੋਂ ਸਿੱਖਿਆ ਦਾ ਪੱਧਰ ਉੱਚਾ ਚੁੱਕਣ ਦੇ ਨਾਲ ਨਾਲ ਅਧਿਆਪਕ ਵਰਗ ਦੀਆਂ ਮੁਸ਼ਕਿਲਾਂ ਤੇ ਸਮੱਸਿਆਵਾਂ ਦੇ ਹੱਲ ਲਈ ਸਾਰਥਕ ਯਤਨ ਜਾਰੀ ਰਹਿਣਗੇ ਅਧਿਆਪਕ ਦਲ ਪੰਜਾਬ ਦੇ ਜ਼ਿਲ੍ਹਾ ਪ੍ਰਧਾਨ ਸੁਖਦਿਆਲ ਸਿੰਘ ਝੰਡ ,ਜਨਰਲ ਸਕੱਤਰ ਮਨਜਿੰਦਰ



ਸਿੰਘ ਧੰਜੂ, ਸੂਬਾਈ ਆਗੂ ਭਜਨ ਸਿੰਘ ਮਾਨ ਦੀ ਅਗਵਾਈ ਵਿੱਚ ਹੋਏ ਸੰਖੇਪ ਸਮਾਗਮ ਵਿੱਚ ਬਾਬਾ ਲੀਡਰ ਸਿੰਘ ਜੀ ਨੇ ਸਮੁੱਚੀ ਮਾਨ-ਵਤਾ ਤੇ ਜਥੇਬੰਦੀ ਚੜਦੀ ਕਲਾ ਦੀ ਅਰਦਾਸ ਕੀਤੀ ਤੇ ਆਪਣੇ ਹੱਕ ਤੇ ਸੱਚ ਦੀ ਲੜਾਈ ਲੜਦੇ ਰਹਿਣ ਲਈ ਪ੍ਰੇਰਿਤ ਕੀਤਾ ਇਸ ਮੌਕੇ ਅਧਿਆਪਕ ਦਲ ਪੰਜਾਬ ਦੇ ਆਗੂਆਂ ਨੇ ਬਾਬਾ ਲੀਡਰ ਸਿੰਘ ਜੀ ਨੂੰ ਗੁਰੂ ਮਹਾਰਾਜ ਦੀ ਬਖਸ਼ਿਸ਼ ਸਿਰੋਪਾਓ ਪਾ ਕੇ ਸਨਮਾਨਿਤ ਕੀਤਾ ਤੇ ਬਾਬਾ ਲੀਡਰ ਸਿੰਘ ਜੀ ਨੇ ਵੀ ਸਮੁੱਚੇ ਦਲ ਦੇ ਮੈਂਬਰਾਂ ਨੂੰ ਗੁਰੂ ਮਹਾਰਾਜ ਦੀ ਬਖਸ਼ਿਸ਼ ਸਿਰੋਪਾਓ ਪਾ ਕੇ ਸਨਮਾਨਿਤ ਕੀਤਾ। ਇਸ ਮੌਕੇ ਸੂਬਾ ਕਾਰਜਕਾਰੀ ਕਨਵੀਨਰ ਸਤਨਾਮ ਸਿੰਘ ਰੰਧਾਵਾ , ਲੈਕਚਰਾਰ ਰਜੇਸ਼ ਸ ਜੋਲੀ,ਵਰਿੰਦਰ ਕੰਬੋਜ , ਰਮੇਸ਼ ਕੁਮਾਰ ਭੇਟ, ਹਰਦੇਵ ਸਿੰਘ ਖਾਨੋਵਾਲ , ਵੱਸਣਦੀਪ ਸਿੰਘ ਜੱਜ, ਸੁਖਜਿੰਦਰ ਸਿੰਘ ਢੋਲਣ, ਰਾਜਨਜੋਤ ਸਿੰਘ ਖਹਿਰਾ, ਅਮਰਜੀਤ ਕਾਲਾ ਸੰਘਿਆ, ਮਨੂੰ ਕੁਮਾਰ ਪਰਾਸ਼ਰ, ਸ਼ੁਭਦਰਸ਼ਨ ਨਰਾਇਣ ਆਨੰਦ , ਅਮਰੀਕ ਸਿੰਘ ਰੰਧਾਵਾ, ਅਜੈ ਕੁਮਾਰ ਸਿੰਗਲਾ, ਇੰਦਰਜੀਤ ਸਿੰਘ ਖਹਿਰਾ, ਸੁਖਦੀਪ ਸਿੰਘ, ਗੁਰਮੀਤ ਸਿੰਘ ਖਾਲਸਾ ,ਲੈਕਚਰਾਰ ਵਨੀਸ਼ ਸ਼ਰਮਾ ਤੇ ਰੋਸ਼ਨ ਲਾਲ ਹਾਜਰ ਸਨ।

# ਪ੍ਰਿੰਸੀਪਲ ਵੱਲੋਂ ਸੀਨੀਅਰ ਵਿਦਿਆਰਥੀਆਂ ਨਾਲ ਪ੍ਰੀਖਿਆ ‘ਤੇ ਚਰਚਾ



**ਭੀਖੀ ( ਕਮਲ ਜਿੰਦਲ)** ਸਥਾਨਕ ਸ਼੍ਰੀ ਤਾਰਾ ਚੰਦ ਵਿਦਿਆ ਮੰਦਰ ਸੀਨੀਅਰ ਸੈਕੰਡਰੀ ਸਕੂਲ ਦੇਵਪ੍ਰਿੰਸੀਪਲ ਰਪਿੰਦਰ ਪਟਿਆਲ ਵੱਲੋਂ ਸੀਨੀਅਰ ਸੈਕਡੰਰੀ ਕਲਾਸਾਂ ਦੇ ਸਾਇੰਸ ਗਰੁਪ ਦੇ ਵਿਦਿਆਰਥੀਆਂ ਨਾਲ ਪ੍ਰੀਖਿਆਵਾਂ ਸੰਬੰਧੀ ਵਿਸ਼ੇਸ਼ ਚਰਚਾ ਕੀਤੀ ਗਈ। ਇਸ ਦੌਰਾਨ ਉਨ੍ਹਾਂ ਨੇ ਵਿਦਿਆਰਥੀਆਂ ਨੂੰ ਪ੍ਰੀਖਿਆ ਦੀ ਤਿਆਰੀ, ਸਮੇਂ ਦੀ ਸਹੀ ਯੋਜਨਾ, ਦੁਹਰਾਈ ਦੀ ਮਹੱਤਤਾ ਅਤੇ ਤਣਾਅ ਤੋਂ ਮੁਕਤ ਰਹਿਣ ਬਾਰੇ ਮਾਰਗਦਰਸ਼ਨ ਦਿੱਤਾ। ਪ੍ਰਿੰਸੀਪਲ ਸਾਹਿਬ ਨੇ ਵਿਦਿਆਰਥੀਆਂ ਨੂੰ ਆਤਮ-ਵਿਸ਼ਵਾਸ ਨਾਲ ਪ੍ਰੀਖਿਆ ਦੇਣ ਅਤੇ ਨਿਯਮਿਤ ਅਧਿਐਨ ਕਰਨ ਲਈ ਪ੍ਰੇਰਿਤ ਕੀਤਾ। ਵਿਦਿਆਰਥੀਆਂ ਨੇ ਵੀ ਆਪਣੀਆਂ ਸ਼ੰਕਾਵਾਂ ਰੱਖੀਆਂ, ਜਿਨ੍ਹਾਂ ਦਾ ਉਹਨਾਂ ਨੇ ਸੰਤੋਸ਼ਜਨਕ ਜਵਾਬ ਦਿੱਤਾ। ਇਹ ਸੈਸ਼ਨ ਵਿਦਿਆਰਥੀਆਂ ਲਈ ਬਹੁਤ ਹੀ ਲਾਭਕਾਰੀ ਸਾਬਤ ਹੋਇਆ।

# ਲਿਬਰੇਸ਼ਨ ਵਲੋਂ ਲੋਕ ਆਵਾਜ਼ ਟੀਵੀ ਦਾ ਫੇਸਬੁੱਕ ਪੇਜ਼ ਬੰਦ ਕਰਨ ਦੀ ਸਖ਼ਤ ਨਿੰਦਾ

**ਮਾਨਸਾ, (ਜਸਵੰਤ ਗਿੱਲ ਸਮਾਲਸਰ)** ਮਾਨ ਸਰਕਾਰ ਵਲੋਂ ਸਿਰਫ਼ ਕੁਝ ਸੁਆਲ ਪੁੱਛਣ ਬਦਲੇ ਪੱਤਰਕਾਰਾਂ ਅਤੇ ਆਰਟੀਆਈ ਕਾਰਕੁਨਾਂ ਖ਼ਿਲਾਫ਼ ਪੁਲੀਸ ਕੇਸ ਦਰਜ ਕਰਨ ਤੋਂ ਬਾਅਦ ਹੁਣ ਇਕ ਹੋਰ ਹਮਲਾ ਕਰਦਿਆਂ ਲੋਕ ਆਵਾਜ਼ ਟੀਵੀ ਦਾ ਫੇਸਬੁੱਕ ਪੇਜ ਬੰਦ ਕਰਵਾ ਦੇਣ ਦੀ ਸੀਪੀਆਈ ਐਮ ਐਲ ਲਿਬਰੇਸ਼ਨ ਨੇ ਸਖ਼ਤ ਨਿੰਦਾ ਕੀਤੀ ਹੈ। ਪਾਰਟੀ ਦੇ ਬੁਲਾਰੇ ਕਾਮਰੇਡ ਸੁਖਦਰਸ਼ਨ ਸਿੰਘ ਨੱਤ ਵਲੋਂ ਜਾਰੀ ਇਕ ਬਿਆਨ ਵਿੱਚ ਕਿਹਾ ਹੈ ਕਿ ਅਪਣੀ ਜਾਇਜ਼ ਆਲੋਚਨਾ ਕਰਨ ਵਾਲਿਆਂ ਪ੍ਰਤੀ ਮਾਨ ਸਰਕਾਰ ਦਾ ਅਜਿਹਾ ਬਦਲੇ ਖੋਰੀ ਵਾਲਾ ਰਵਈਆ ਬਿਲਕੁਲ ਗੈਰ ਜਮਹੂਰੀ ਤੇ ਤਾਨਾਸ਼ਾਹੀ ਵਾਲਾ ਹੈ। ਭਗਵੰਤ ਮਾਨ ਖੁਦ ਇਕ ਗਾਇਕ ਰਹੇ ਹਨ, ਇਸ ਲਈ ਉਨ੍ਹਾਂ ਨੂੰ ਹਬੀਬ ਜਾਲਿਬ ਹੋਰਾਂ ਦਾ ਇਹ ਸ਼ੇਅਰ ਜਰੂਰ ਯਾਦ ਰੱਖਣਾ ਚਾਹੀਦਾ ਹੈ: ਤੁਮ ਸੇ ਪਹਲੇ ਜੋ ਸ਼ਖਸ ਯਹਾਂ ਤਖ਼ਤ-ਨ ਸ਼ੀਂ ਥਾ, ਉਸ ਕੋ ਭੀ ਅਪਨੇ ਖੁਦਾ ਹੋਨੇ ਕਾ ਇਤਨਾ ਹੀ ਯਕੀਂ ਥਾ! ਇਥੇ ਕੋਈ ਸਥਾਈ ਹੁਕਮਰਾਨ ਨਹੀਂ ਹੈ, ਜਿਸ ਜਨਤਾ ਨੇ ਕੁਰਸੀ ਸੌਂਪੀ ਹੈ, ਉਹ ਜਦੋਂ ਚਾਹੇ ਖੋਹ ਵੀ ਸਕਦੀ ਹੈ । ਇਸ ਲਈ ਬੰਦੇ ਨੂੰ ਅਪਣੀ ਔਕਾਤ ਵਿੱਚ ਹੀ ਰਹਿਣਾ ਚਾਹੀਦਾ ਹੈ। ਅਜਿਹੀਆਂ ਮਨਮਾਨੀਆਂ ਦਾ ਸਖ਼ਤ ਵਿਰੋਧ ਕਰਦੇ ਹੋਏ ਪਾਰਟੀ ਨੇ ਲੋਕ ਆਵਾਜ਼ ਟੀਵੀ ਚੈਨਲ ਨਾਲ ਅਪਣੀ ਇਕਜੁਟਤਾ ਦਾ ਪ੍ਰਗਟਾਵਾ ਕੀਤਾ ਹੈ।

# 328 ਲਾਪਤਾ ਸਰੂਪਾਂ ਦੇ ਮਾਮਲੇ 'ਚ ਮੁਆਫ਼ੀ ਮੰਗਣ ਮੁੱਖ ਮੰਤਰੀ ਮਾਨ: ਅਜੇ ਮੰਗੂਪੁਰ ਜ਼ਿਲ੍ਹਾ ਪ੍ਰਧਾਨ ਕਾਂਗਰਸ



**ਬਲਾਚੌਰ (ਜਤਿੰਦਰ ਪਾਲ ਸਿੰਘ ਕਲੇਰ )** ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਤੋਂ ਕਾਂਗਰਸ ਪ੍ਰਧਾਨ ਅਜੇ ਮੰਗੂਪੁਰ ਨੇ ਕਿਹਾ ਕਿ ਰਾਜਾ ਸਾਹਿਬ ਗੁਰਦੁਆਰਾ ਬੰਗਾ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ 328 ਸਵਰੂਪਾਂ ਦੇ ਗੁੰਮ ਹੋਣ ਦੇ ਚੱਲ ਰਹੇ ਵਿਵਾਦ ਲਈ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੂੰ ਨਾ ਸਿਰਫ਼ ਪੰਜਾਬ ਦੇ ਲੋਕਾਂ ਤੋਂ ਮੁਆਫ਼ੀ ਮੰਗਣੀ ਚਾਹੀਦੀ ਹੈ, ਸਗੋਂ ਪਛਤਾਵਾ ਵੀ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਲਾਪਤਾ ਸਵਰੂਪਾਂ ਦਾ ਮੁੱਦਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਅੰਦਰੂਨੀ ਮਾਮਲਾ ਹੈ, ਬੇਅਦਬੀ ਦਾ ਮਾਮਲਾ ਨਹੀਂ। ਅਜੇ ਮੰਗੂਪੁਰ ਨੇ ਕਿਹਾ ਕਿ ਇਹ ਮੰਦਭਾਗਾ ਹੈ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ 169 ਲਾਪਤਾ ਸਵਰੂਪਾਂ ਦੀ ਬਰਾਮਦਗੀ ਬਾਰੇ ਗੁੰਮਰਾਹਕੁੰਨ ਬਿਆਨ ਦਿੱਤਾ, ਅਤੇ ਸਰਕਾਰ ਨੇ ਇਸ ਮੁੱਦੇ 'ਤੇ ਯੂ-ਟਰਨ ਲੈ ਲਿਆ। ਉਨ੍ਹਾਂ ਕਿਹਾ ਕਿ ਸਰਕਾਰ ਹਰ ਰੋਜ਼ ਨਹੀਂ, ਕਿਸੇ ਨਾ ਕਿਸੇ ਮੁੱਦੇ 'ਤੇ ਯੂ-ਟਰਨ ਲੈਂਦੀ ਹੈ। ਇਹ ਉਨਾਂ ਦਾ ਪਖੰਡ ਹੈ। ਮਾਘੀ ਮੇਲੇ ਦੌਰਾਨ, ਸੀਐਮ ਮਾਨ ਨੇ ਦਾਅਵਾ ਕੀਤਾ ਕਿ ਰਾਜਾ ਸਾਹਿਬ ਦੀਆਂ ਗੁੰਮ ਹੋਈਆਂ 328 ਸਵਰੂਪਾਂ ਵਿੱਚੋਂ 169 ਬੰਗਾ ਨੇੜੇ ਬਰਾਮਦ ਹੋ ਗਏ ਹਨ, ਪਰ ਇਸ ਵਿੱਚ ਕੋਈ ਸੱਚਾਈ ਨਹੀਂ ਸੀ। ਸੀ ਐਮ ਮਾਨ ਨੇ ਝੂਠੇ ਬਿਆਨਾਂ ਨਾਲ ਪੰਜਾਬ ਦੇ ਲੋਕਾਂ ਨੂੰ ਗੁੰਮਰਾਹ ਕੀਤਾ। ਬਾਅਦ ਵਿੱਚ, ਪੰਜਾਬ ਸਰਕਾਰ ਨੂੰ ਇਸ ਮਾਮਲੇ 'ਤੇ ਯੂ-ਟਰਨ ਲੈਣਾ ਪਿਆ। ਸਰਕਾਰ ਨੇ ਮੰਨਿਆ ਕਿ ਸਵਰੂਪ ਨਹੀਂ ਮਿਲੇ। ਇਸ ਮਾਮਲੇ ਵਿੱਚ ਝੂਠ ਬੋਲਣ ਵਾਲੀ ਸਰਕਾਰ ਅਤੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਪੰਜਾਬ ਦੇ ਲੋਕਾਂ ਤੋਂ ਮੁਆਫੀ ਮੰਗਣੀ ਚਾਹੀਦੀ ਹੈ।

# ਆਪ੍ਰੇਸ਼ਨ ਪਰਹਾਰ: ਐਸ.ਬੀ.ਐਸ. ਨਗਰ ਪੁਲਿਸ ਵੱਲੋਂ ਗੈਂਗਸਟਰਾਂ ਦੇ ਨੈੱਟਵਰਕ 'ਤੇ ਵੱਡੀ ਸਟਰਾਈਕ; 67 ਰਾਊਂਡ-ਅੱਪ, 11 ਐਫ ਆਰ ਆਈ ਦਰਜ

## ਖੱਤਰੀ ਗੈਂਗ ਅਤੇ ਗੋਪੀ ਨਵਾਂਸ਼ਹਿਰ ਦੇ ਲਿੰਕਾਂ ਦੀ ਜਾਂਚ ਤੇਜ਼, ਵਿਦੇਸ਼ੀ ਆਕਾਵਾਂ ਦੇ ਸਥਾਨਕ ਨੈੱਟਵਰਕ ਨੂੰ ਤੋੜਨਾ ਮੁੱਖ ਟੀਚਾ: ਐਸ ਐਸ ਪੀ ਤੁਸ਼ਾਰ ਗੁਪਤਾ



**ਨਵਾਂਸ਼ਹਿਰ (ਜਤਿੰਦਰ ਪਾਲ ਸਿੰਘ ਕਲੇਰ ):** ਪੰਜਾਬ ਸਰਕਾਰ ਵੱਲੋਂ ਜਾਰੀ ਸਖ਼ਤ ਹਦਾਇਤਾਂ ਅਤੇ ਡਾਇਰੈਕਟਰ ਜਨਰਲ ਪੁਲਿਸ (ਡੀ ਜੀ ਪੀ ) ਦੇ ਦਿਸ਼ਾ-ਨਿਰਦੇਸ਼ਾਂ ਦੀ ਪਾਲਣਾ ਕਰਦਿਆਂ ਜ਼ਿਲ੍ਹਾਂ ਸ਼ਹੀਦ ਭਗਤ ਸਿੰਘ ਨਗਰ ਪੁਲਿਸ ਵੱਲੋਂ ਗੈਂਗਸਟਰਾਂ ਅਤੇ ਉਨ੍ਹਾਂ ਦੇ ਮਾੜੇ ਅਨਸਰਾਂ ਵਿਰੁੱਧ ‘ਆਪ੍ਰੇਸ਼ਨ ਪਰਹਾਰ’ ਤਹਿਤ ਵਿਸ਼ੇਸ਼ ਮੁਹਿੰਮ ਵਿੱਢੀ ਗਈ ਹੈ। ਇਸ ਕਾਰਵਾਈ ਤਹਿਤ ਪੁਲਿਸ ਨੇ ਗੈਂਗਸਟਰਾਂ ਦੇ ਸਾਥੀਆਂ ਅਤੇ ਰਿਸ਼ਤੇਦਾਰਾਂ ਦੇ ਟਿਕਾਣਿਆਂ 'ਤੇ ਵੱਡੇ ਪੱਧਰ 'ਤੇ ਛਾਪੇਮਾਰੀ ਕਰਕੇ 67 ਵਿਅਕਤੀਆਂ ਨੂੰ ਰਾਊਂਡ-ਅੱਪ ਕੀਤਾ ਹੈ। ਇਸ ਸਬੰਧੀ ਪ੍ਰੈਸ ਨੂੰ ਜਾਣਕਾਰੀ ਦਿੰਦਿਆਂ ਜ਼ਿਲ੍ਹਾਂ ਪੁਲਿਸ ਮੁਖੀ ਤੁਸ਼ਾਰ ਗੁਪਤਾ, ਆਈ ਪੀ ਐਸ ਨੇ ਦੱਸਿਆ ਕਿ ਜ਼ਿਲ੍ਹੇਂ ਅੰਦਰ ਅਮਨ-ਸ਼ਾਂਤੀ ਦੀ ਸਥਿਤੀ ਨੂੰ ਬਰਕਰਾਰ ਰੱਖਣ ਲਈ ਸ਼ੱਕੀ ਟਿਕਾਣਿਆਂ 'ਤੇ ਲਗਾਤਾਰ ਚੈਕਿੰਗ ਕੀਤੀ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਹੁਣ ਤੱਕ ਕੁੱਲ 67 ਵਿਅਕਤੀਆਂ ਨੂੰ ਪੁੱਛਗਿੱਛ ਲਈ ਰਾਊਂਡ-ਅੱਪ ਕੀਤਾ ਗਿਆ ਹੈ।ਵੱਖ-ਵੱਖ ਅਪਰਾਧਿਕ ਗਤੀਵਿਧੀਆਂ ਤਹਿਤ 11 ਐਫ.ਆਈ.ਆਰ. ਦਰਜ ਕੀਤੀਆਂ ਗਈਆਂ ਹਨ। ਐਸ ਐਸ ਪੀ ਤੁਸ਼ਾਰ ਗੁਪਤਾ ਨੇ ਅੱਗੇ ਦੱਸਿਆ ਕਿ ਪੁਲਿਸ ਵਲੋਂ ਇਸ ਸਮੇਂ ਵਿਸ਼ੇਸ਼ ਤੌਰ 'ਤੇ ਖੱਤਰੀ ਗੈਂਗ ਅਤੇ ਗੋਪੀ ਨਵਾਂਸ਼ਹਿਰ ਦੇ ਸੰਪਰਕਾਂ (ਲਿੰਕਸ) ਨੂੰ ਖੰਗਾਲਿਆ ਜਾ ਰਿਹਾ ਹੈ। ਪੁਲਿਸ ਦੀਆਂ ਟੀਮਾਂ ਇਹ ਜਾਂਚ ਕਰ ਰਹੀਆਂ ਹਨ ਕਿ ਵਿਦੇਸ਼ਾਂ ਵਿੱਚ ਬੈਠੇ ਇਨ੍ਹਾਂ ਗੈਂਗਸਟਰਾਂ ਦਾ ਸਥਾਨਕ ਪੱਧਰ 'ਤੇ ਕਿਹੜਾ ਨੈੱਟਵਰਕ ਕੰਮ ਕਰ ਰਿਹਾ ਹੈ। ਉਨ੍ਹਾਂ ਸਪੱਸ਼ਟ ਕੀਤਾ ਕਿ ਵਿਦੇਸ਼ੀ ਆਕਾਵਾਂ ਦੇ ਇਸ਼ਾਰੇ 'ਤੇ ਕੰਮ ਕਰਨ ਵਾਲੇ ਕਿਸੇ ਵੀ ਵਿਅਕਤੀ ਨੂੰ ਬਖ਼ਸ਼ਿਆ ਨਹੀਂ ਜਾਵੇਗਾ ਅਤੇ ਉਨ੍ਹਾਂ ਨੂੰ ਕਾਨੂੰਨ ਦੇ ਦਾਇਰੇ ਵਿੱਚ ਲਿਆ ਕੇ ਸਖ਼ਤ ਕਾਰਵਾਈ ਕੀਤੀ ਜਾਵੇਗੀ। ਜ਼ਿਲ੍ਹਾ ਪੁਲਿਸ ਮੁਖੀ ਨੇ ਕਿਹਾ ਕਿ ਪੁਲਿਸ ਵਲੋਂ ਲਗਾਤਾਰ ਸ਼ੱਕੀ ਵਿਅਕਤੀਆਂ 'ਤੇ ਨਜ਼ਰ ਰੱਖੀ ਜਾ ਰਹੀ ਹੈ ਅਤੇ ਭਵਿੱਖ ਵਿੱਚ ਵੀ ਅਜਿਹੇ ਸਰਚ ਆਪ੍ਰੇਸ਼ਨ ਜਾਰੀ ਰਹਿਣਗੇ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਸਮਾਜ ਵਿਰੋਧੀ ਅਨਸਰਾਂ ਬਾਰੇ ਜਾਣਕਾਰੀ ਪੁਲਿਸ ਨਾਲ ਸਾਂਝੀ ਕਰਨ ਤਾਂ ਜੋ ਜ਼ਿਲ੍ਹੇ ਵਿੱਚ ਪੂਰਨ ਅਮਨ-ਸ਼ਾਂਤੀ ਕਾਇਮ ਰੱਖੀ ਜਾ ਸਕੇ।

# ਜ਼ਿਲ੍ਹਾ ਪੱਧਰੀ ਗਣਤੰਤਰ ਦਿਵਸ ਦੀਆਂ ਤਿਆਰੀਆਂ ਨੂੰ ਲੈ ਕੇ ਹੋਈ ਪਹਿਲੀ ਰਿਹਸਲ

**ਨਵਾਂਸ਼ਹਿਰ, (ਜਤਿੰਦਰ ਪਾਲ ਸਿੰਘ ਕਲੇਰ )** ਜ਼ਿਲ੍ਹਾ ਪੱਧਰ ‘ਤੇ ਗਣਤੰਤਰ ਦਿਵਸ ਨੂੰ ਧੂਮ ਧਾਮ ਨਾਲ ਮਨਾਉਣ ਲਈ ਡਿਪਟੀ ਕਮਿਸ਼ਨਰ ਅੰਕੁਰਜੀਤ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਆਈ.ਟੀ.ਆਈ ਨਵਾਂਸ਼ਹਿਰ ਦੀ ਗਰਾਊਂਡ ਵਿਖੇ ਪਹਿਲੀ ਰਿਹਰਸਲ ਵਧੀਕ ਡਿਪਟੀ ਕਮਿਸ਼ਨਰ (ਪੇਂ.ਵਿ) ਅਵਨੀਤ ਕੌਰ ਦੀ ਪ੍ਰਧਾਨਗੀ ਹੇਠ ਕਰਵਾਈ ਗਈ। ਜਿਸ ਵਿੱਚ ਐਸ.ਡੀ.ਐਮ. ਨਵਾਂਸ਼ਹਿਰ ਅਨਮਜਯੋਤ ਕੌਰ, ਸਹਾਇਕ ਕਮਿਸ਼ਨਰ ਜਨਰਲ ਜਗਦੀਪ ਸਿੰਘ ਅਤੇ ਵੱਖ-ਵੱਖ ਵਿਭਾਗਾਂ ਦੇ ਜ਼ਿਲ੍ਹਾ ਅਧਿਕਾਰੀ ਹਾਜ਼ਰ ਹੋਏ। ਪਹਿਲੀ ਰਿਹਰਸਲ ਦੀ ਸ਼ੁਰੂਆਤ ਮੌਕੇ ਪੰਜਾਬ ਪੁਲਿਸ, ਐਨ.ਸੀ.ਸੀ. ਦੀਆਂ ਟੁੱਕੜੀਆਂ ਵੱਲੋਂ ਮਾਰਚ ਪਾਸ ਕੀਤਾ ਗਿਆ। ਇਸ ਉਪਰੰਤ ਵੱਖ-ਵੱਖ ਸਕੂਲੀ ਵਿਦਿਆਰਥੀਆਂ ਵੱਲੋਂ ਪੀ.ਟੀ. ਸ਼ੋਅ ਅਤੇ ਦੇਸ਼ ਭਗਤੀ ਨਾਲ ਭਰਪੂਰ ਸੱਭਿਆਚਾਰਕ ਪ੍ਰੋਗਰਾਮ ਪੇਸ਼ ਕੀਤਾ ਗਿਆ। ਰਿਹਰਸਲ ਦੇ ਅੰਤ ਵਿੱਚ ਵੱਖ-ਵੱਖ ਸਕੂਲਾਂ ਦੇ ਵਿਦਿਆਰਥਣਾਂ ਵੱਲੋਂ ਪੰਜਾਬੀ ਲੋਕਨਾਚ ਗਿੱਦਾ ਅਤੇ ਵਿਦਿਆਰਥੀਆ ਵਲੋਂ ਭੰਗੜਾ ਦੀ ਪੇਸ਼ਕਾਰੀ ਦਿੱਤੀ ਗਈ ਤੇ ਰਿਹਸਲ ਦੀ ਸਮਾਪਤੀ ’ਤੇ ਵਿਦਿਆਰਥੀਆਂ ਵੱਲੋਂ ਰਾਸ਼ਟਰੀ ਗਾਨ





ਗਾਇਨ ਕੀਤਾ ਗਿਆ।

ਰਿਹਰਸਲ ਉਪਰੰਤ ਵਧੀਕ ਡਿਪਟੀ ਕਮਿਸ਼ਨਰ (ਪੇਂ.ਵਿ) ਅਵਨੀਤ ਕੌਰ ਨੇ ਜ਼ਿਲ੍ਹਾ ਅਧਿਕਾਰੀਆਂ ਨਾਲ ਮੀਟਿੰਗ ਕਰਕੇ ਜ਼ਿਲ੍ਹਾ ਪੱਧਰੀ ਗਣਤੰਤਰ ਦਿਵਸ ਦੇ ਸਮਾਰਹ ਲਈ ਕੀਤੀ ਗਈ ਤਿਆਰੀਆਂ ਦਾ ਜਾਇਜ਼ਾ ਲਿਆ ਅਤੇ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਉਹ ਸੌਂਪੀ ਗਈ ਜਿੰਮੇਵਾਰੀ ਨੂੰ ਤਨਦੇਹੀ ਤੇ ਇਮਾਨਦਾਰੀ ਨਾਲ ਨੇਪਰੇ ਚਾੜ੍ਹਨ ਨੂੰ ਯਕੀਨੀ ਬਣਾਉਣ। ਉਨ੍ਹਾਂ ਨਗਰ ਕੌਂਸਲ ਨੂੰ ਸਾਫ਼-ਸਫ਼ਾਈ, ਜ਼ਿਲ੍ਹਾ ਪ੍ਰੋਗਰਾਮ ਅਫ਼ਸਰ ਨੂੰ ਰੰਗੋਲੀ ਆਦਿ ਜਿੰਮੇਵਾਰੀ ਸੌਂਪੀ। ਉਨ੍ਹਾਂ ਸਮੂਹ ਵਿਭਾਗਾਂ ਦੇ ਜ਼ਿਲ੍ਹਾ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਉਹ ਜ਼ਿਲ੍ਹਾ ਪੱਧਰੀ ਗਣਤੰਤਰ ਦਿਵਸ ਵਿੱਚ ਆਪਣੀ ਅਤੇ ਆਪਣੇ ਸਟਾਫ਼ ਦੀ ਹਾਜ਼ਰੀ ਨੂੰ ਯਕੀਨੀ ਬਣਾਉਣ। ਉਨ੍ਹਾਂ ਕਿਹਾ ਕਿ ਇਸ ਸਮਾਰੋਹ ਵਿੱਚ ਕਿਸੇ ਵੀ ਕਿਸਮ ਦੀ ਕੋਤਾਹੀ ਬਰਦਾਸ਼ ਨਹੀਂ ਕੀਤੀ ਜਾਵੇ। ਉਨ੍ਹਾਂ ਅਧਿਕਾਰੀਆਂ ਨੂੰ ਯੋਗ ਪ੍ਰਬੰਧ ਨਿਰਧਾਰਤ ਸਮੇਂ ਵਿੱਚ ਪੂਰੇ ਕਰਨ ਦੀ ਹਦਾਇਤ ਕੀਤੀ। ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਪੱਧਰੀ ਗਣਤੰਤਰ ਦਿਵਸ ਦੀਆਂ ਤਿਆਰੀਆਂ ਸਬੰਧੀ ਅਗਲੀ ਰਿਹਰਸਲ 22, 23 ਅਤੇ 24 ਜਨਵਰੀ ਨੂੰ ਫੁੱਲ ਡਰੈੱਸ ਰਿਹਰਸਲ ਹੋਵੇਗੀ।

# ਗਾਇਕ ਜਸਪਾਲ ਸੰਧੂ ਦਾ ਧਾਰਮਕਿ ਗੀਤ 'ਕਾਂਸ਼ੀ ਵਾਲੇ ਦਾ ਸਹਾਰਾ' ਰੀਲੀਜ਼

**ਫਿਲੌਰ/ਅੱਪਰਾ, (ਦੀਪਾ)-** ਪ੍ਰਸਿੱਧ ਪੰਜਾਬੀ ਲੋਕ ਗਾਇਕ ਜਸਪਾਲ ਸੰਧੂ ਦਾ ਧਾਰਮਿਕ ਗੀਤ 'ਕਾਂਸ਼ੀ ਵਾਲੇ ਦਾ ਸਹਾਰਾ' ਅੱਜ ਰੀਲੀਜ਼ ਹੋ ਗਿਆ ਹੈ । ਇਸ ਸੰਬੰਧੀ ਜਾਣਕਾਰੀ ਦਿੰਦਿਆਂ ਗਾਇਕ ਜਸਪਾਲ ਸੰਧੂ ਨੇ ਦੱਸਿਆ ਕਿ ਇਸ ਗੀਤ ਨੂੰ ਰਿੰਗ ਰਿਕਾਰਡਸ ਕੰਪਨੀ ਵਲੋਂ ਮਾਰਕੀਟ 'ਚ ਪੇਸ਼ ਕੀਤਾ ਗਿਆ ਹੈ । ਇਸ ਗੀਤ ਨੂੰ ਗੀਤਕਾਰ ਰਾਮ ਜੀ ਸੰਧੂ ਨੇ ਕਲਮਬੱਧ ਕੀਤਾ ਹੈ, ਜਦਕਿ ਇਸ ਗੀਤ ਨੂੰ ਖੂਬਸੂਰਤ ਧੁਨਾਂ 'ਚ ਸੰਗੀਤਕਾਰ ਮੈਨੀ ਮਿਊਜ਼ਿਕ ਵਲੋਂ ਪਿਰੋਇਆ ਗਿਆ ਹੈ । ਇਸ ਗੀਤ ਦਾ ਵੀਡੀਓ ਤੇ ਪ੍ਰਜੈਕਟ ਸੀਟੂ ਬਾਈ ਵਲੋਂ ਤਿਆਰ ਕੀਤਾ ਗਿਆ ਹੈ । ਇਸ ਮੌਕੇ ਗਾਇਕ ਜਸਪਾਲ ਸੰਧੂ ਨੇ ਦੱਸਿਆ ਕਿ ਇਸ ਗੀਤ ਲਈ ਮਹੰਤ ਸ਼ਾਂਤੀ ਨਾਥ ਜੀ ਡੇਰਾ ਬਲਬੇਹੜਾ ਦਾ ਵਿਸ਼ੇਸ਼ ਆਸ਼ੀਰਵਾਦ ਰਿਹਾ ਹੈ । ਇਸ ਮੌਕੇ ਉਨਾਂ ਅਮਰਜੀਤ ਖੁੱਤਣ (ਯੂ. ਏ. ਈ) ਦਾ ਵੀ ਵਿਸ਼ੇਸ਼ ਧੰਨਵਾਦ ਕੀਤਾ । ਗਾਇਕ ਜਸਪਾਲ ਸੰਧੂ ਨੇ ਆਸ ਪ੍ਰਗਟਾਈ ਹੈ ਕਿ ਦੇਸ਼-ਵਿਦੇਸ਼ 'ਚ ਵਸਦੀਆਂ ਧੰਨ ਧੰਨ ਸ੍ਰੀ ਗੁਰੂ ਰਵਿਦਾਸ ਨਾਮਲੇਵਾ ਸੰਗਤਾਂ ਇਸ ਗੀਤ ਨੂੰ ਰੱਜਵਾਂ ਪਿਆਰ ਬਖਸ਼ਿਸ਼ ਕਰਨਗੀਆਂ ।




# ਅਭਿਸ਼ੇਕ ਸਿੰਘ ਦੂਸਰੀ ਵਾਰ ਭਾਰਤੀ ਜਨਤਾ ਪਾਰਟੀ ਮੰਡਲ ਅੱਪਰਾ ਦੇ ਪ੍ਰਧਾਨ ਨਿਯੁਕਤ

**ਫਿਲੌਰ/ਅੱਪਰਾ, (ਦੀਪਾ)-** ਭਾਰਤੀ ਜਨਤਾ ਪਾਰਟੀਦੀ ਹਾਈ ਕਮਾਂਡ ਵਲੋਂ ਨੌਜਵਾਨ ਆਗੂ ਅਭਿਸ਼ੇਕ ਸਿੰਘ ਨੂੰ ਦੂਸਰੀ ਵਾਰ ਭਾਜਪਾ ਮੰਡਲ ਅੱਪਰਾ ਦਾ ਪ੍ਰਧਾਨ ਨਿਯੁਕਤ ਕੀਤਾ ਗਿਆ ਹੈ । ਇਸ ਮੌਕੇ ਅਭਿਸ਼ੇਕ ਸਿੰਘ ਨੇ ਕਿਹਾ ਕਿ ਉਸਨੂੰ ਇਸ ਮੁਕਾਮ ਤੱਕ ਪਹੁੰਚਾਉਣ ਲਈ ਸਾਬਕਾ ਪ੍ਰਧਾਨ ਮਨੀ ਰਾਮ ਠਾਕੁਰ, ਰਜਿੰਦਰ ਪਾਲ ਕਾਲਾ, ਡਾ. ਰੂਪ ਲਾਲ ਨੇ ਨਰੇਸ਼ ਮਰਵਾਹਾ ਤੇ ਸਮੂਹ ਭਾਜਪਾ ਵਰਕਰਾਂ ਦਾ ਹਮੇਸ਼ਾ ਹੀ ਸਾਥ ਤੇ ਆਸ਼ੀਰਵਾਦ ਮਿਲਿਆ ਹੈ । ਇਸ ਮੌਕੇ ਰਜਿੰਦਰ ਪਾਲ ਕਾਲਾ, ਮਨੀ ਰਾਮ ਠਾਕੁਰ, ਡਾ. ਰੂਪ ਲਾਲ, ਨਰੇਸ਼ ਮਰਵਾਹਾ, ਮੁਕੇਸ਼ ਦਾਦਰਾ ਮੈਂਬਰ ਕਾਰਜਕਰਨੀ ਪੰਜਾਬ, ਚਮਨ ਲਾਲ ਤੇ ਅਜੈ ਕੁਮਾਰ ਨੇ ਅਭਿਸ਼ੇਕ ਸਿੰਘ ਨੂੰ ਮੁਬਾਰਕਬਾਦ ਦਿੰਦਿਆਂ ਉਸਦਾ ਮੂੰਹ ਮਿੱਠਾ ਕਰਵਾਇਆ । ਇਸ ਮੌਕੇ ਬੋਲਦਿਆਂ ਅਭਿਸ਼ੇਕ ਸਿੰਘ ਨੇ ਕਿਹਾ ਕਿ ਉਹ ਪਾਰਟੀ ਵਲੋਂ ਦਿੱਤੀ ਹੋਈ ਜ਼ਿੰਮੇਵਾਰੀ ਨੂੰ ਪੂਰੀ ਤਨਦੇਹੀ ਨਾਲ ਨਿਭਾਉਣਗੇ ਤੇ ਇਲਾਕੇ ਦੀਆਂ ਸਮੱਸਿਆਵਾਂ ਦੇ ਹਲ ਲਈ ਹਰ ਸਾਰਥਕ ਯਤਨ ਕਰਦੇ ਰਹਿਣਗੇ ।



# ਤਿੰਨ ਅਣਪਛਾਤੇ ਲੁਟੇਰੇ ਦਾਤਰ ਦੀ ਨੋਕ 'ਤੇ ਗ੍ਰਾਹਕ ਸੇਵਾ ਕੇਂਦਰ ਦੇ ਮਾਲਕ ਨਾਲ ਧੱਕਾਮੁੱਕੀ ਕਰਕੇ 50 ਹਜ਼ਾਰ ਰੁਪਏ ਦੀ ਨਕਦੀ ਲੁੱਟ ਕ ਫ਼ਰਾਰ

## ● ਆਏ ਦਿਨ ਚੋਰ ਤੇ ਲੁਟੇਰੇ ਸ਼ਰੇਆਮ ਦੇ ਰਹੇ ਨੇ ਵਾਰਦਾਤਾਂ ਨੂੰ ਅੰਜ਼ਾਮ ● ਪੁਲਿਸ ਪ੍ਰਸ਼ਾਸ਼ਨ ਮੂਕ ਦਰਸ਼ਕ ਬਣਿਆ

**ਫਿਲੌਰ/ਅੱਪਰਾ, (ਦੀਪਾ)-** ਅੱਪਰਾ ਤੇ ਆਸ-ਪਾਸ ਦੇ ਪਿੰਡਾਂ 'ਚ ਸ਼ਰੇਆਮ ਅਣਪਛਾਤੇ ਚੋਰ ਤੇ ਲੁਟੇਰੇ ਵਾਰਦਾਤਾਂ ਨੂੰ ਅੰਜ਼ਾਮ ਦੇ ਰਹੇ ਹਨ, ਜਦਕਿ ਪੁਲਿਸ ਪ੍ਰਸ਼ਾਸ਼ਨ ਮੂਕ ਦਰਸ਼ਕ ਬਣਿਆ ਹੋਇਆ ਹੈ ਤੇ ਸਿਰਫ ਚਲਾਨ ਕੱਟਣ ਤੱਕ ਸੀਮਿਤ ਹੋ ਕੇ ਰਹਿ ਗਿਆ ਹੈ । ਬੀਤੀ ਸ਼ਾਮ ਵੀ ਤਿੰਨ ਅਣਪਛਾਤੇ ਲੁਟਰੇ ਇੱਕ ਗ੍ਰਾਹਕ ਸੇਵਾ ਕੇਂਦਰ ਦੇ ਮਾਲਕ ਨਾਲ ਦਾਤਰ ਦੀ ਨੋਕ 'ਤੇ ਧੱਕਾਮੁੱਕੀ ਕਰਕੇ 50 ਹਜ਼ਾਰ ਰੁਪਏ ਦੀ ਨਕਦੀ ਲੁੱਟ ਕੇ ਫਰਾਰ ਹੋ ਗਏ । ਘਟਨਾ ਸੰਬੰਧੀ ਜਾਣਕਾਰੀ ਦਿੰਦਿਆਂ ਐੱਸ. ਬੀ. ਆਈ. (ਸਟੇਟ ਬੈਂਕ ਆਫ ਇੰਡੀਆ) ਦੇ ਗ੍ਰਾਹਕ ਸੇਵਾ ਕੇਂਦਰ ਦੇ ਮਾਲਕ ਵਿਸ਼ਾਲ ਪੁੱਤਰ ਗਿਆਨ ਦੇਵ ਵਾਸੀ ਪਿੰਡ ਅੱਪਰਾ ਨੇ ਦੱਸਿਆ ਕਿ ਉਸਦਾ ਗ੍ਰਾਹਕ ਸੇਵਾ ਕੇਂਦਰ ਰਾਮ ਅਕੈਡਮੀ ਨੇ ਨਾਲ ਸਥਿਤ ਹੈ । ਬੀਤੀ ਸ਼ਾਮ ਲਗਭਗ 6 ਵਜੇ ਤਿੰਨ ਅਣਪਛਾਤੇ ਮੋਟਰਸਾਈਕਲ ਸਵਾਰ ਲੁਟੇਰੇ ਮੇਰੀ ਦੁਕਾਨ ਦੇ ਬਾਹਰ ਆਏ, ਜਿਨਾਂ 'ਚ ਦੋ ਲੁਟੇਰੇ ਮੇਰੀ ਦੁਕਾਨ'ਚ ਦਾਖਲ ਹੋ ਗਏ ਤੇ ਮੇਰੇ ਨਾਲ ਹੱਥੋ-ਪਾਈ ਤੇ ਧੱਕਾਮੁੱਕੀ ਕਰਦੇ ਹੋਏ ਕਾਊਂਟਰ 'ਚ ਪਏ ਹੋਏ 50 ਹਜ਼ਾਰ ਰੁਪਏ ਲੁੱਟ ਕੇ ਫ਼ਰਾਰ ਹੋ ਗਏ । ਘਟਨਾ ਸੰਬੰਧੀ ਅੱਪਰਾ ਪੁਲਿਸ ਨੂੰ ਸੂਚਿਤ ਕਰ ਦਿੱਤਾ ਗਿਆ ਹੈ ।




# ਗੋਲਡ ਰਿਕਾਰਡ ਮਿਊਜ਼ਿਕ ਵਲੋਂ ਗਾਇਕਾ ਰਾਜ ਗੁਲਜ਼ਾਰ ਦਾ ਧਾਰਮਿਕ ਟ੍ਰੈਕ "ਮਹਿਮਾ ਗੁਰੂ ਰਵਿਦਾਸ ਜੀ" ਰਿਲੀਜ਼ ਕੀਤਾ - ਜਸਬੀਰ ਦੋਲੀਕੇ

**ਸਰੀ/ ਵੈਨਕੂਵਰ (ਕੁਲਦੀਪ ਚੁੰਬਰ)-** ਗੋਲਡ ਰਿਕਾਰਡ ਮਿਊਜ਼ਿਕ ਕੰਪਨੀ ਵਲੋਂ ਸਿੰਗਰ ਰਾਜ਼ ਗੁਲਜ਼ਾਰ ਦਾ ਧਾਰਮਿਕ ਟ੍ਰੈਕ "ਮਹਿਮਾ ਗੁਰੂ ਰਵਿਦਾਸ ਜੀ" ਰਿਲੀਜ਼ ਕੀਤਾ ਗਿਆ। ਇਸ ਟ੍ਰੈਕ ਨੂੰ ਜਸਬੀਰ ਦੋਲੀਕੇ ਵਲੋਂ ਲਿਖਿਆ ਗਿਆ ਹੈ । ਇਸ ਦਾ ਮਿਊਜ਼ਿਕ ਅਮਨ ਸਟ੍ਰਿੰਗ ਵਲੋਂ ਤਿਆਰ ਕੀਤਾ ਗਿਆ ਹੈ । ਇਸ ਦੀ ਵੀਡੀਓ ਡੇਰਾ ਸੱਚਖੰਡ ਬੱਲਾਂ ਵਿਖੇ ਵੱਖ ਵੱਖ ਲੋਕੇਸ਼ਨਾਂ ਤੇ ਵੀਡੀਓ ਡਾਇਰੈਕਟਰ ਵਲੋਂ ਸ਼ੂਟ ਕੀਤਾ ਗਿਆ ਹੈ । ਇਸ ਟ੍ਰੈਕ ਨੂੰ ਗੁਰਮਿੰਦਰ ਗੋਲਡੀ ਵਲੋਂ ਰਿਕਾਡਿੰਗ ਕੀਤਾ ਗਿਆ। ਇਸ ਟ੍ਰੈਕ ਨੂੰ ਗੋਲਡ ਰਿਕਾਰਡ ਮਿਊਜ਼ਿਕ ਕੰਪਨੀ ਨਿਊਜ਼ੀਲੈਂਡ ਵਲੋਂ ਵੱਡੇ ਪੱਧਰ ਤੇ ਰਿਲੀਜ਼ ਕੀਤਾ ਗਿਆ ਹੈ । ਇਸ ਟ੍ਰੈਕ ਨੂ ਵੱਖ ਵੱਖ ਚੈਨਲਾਂ ਤੇ ਚਲਾਇਆ ਜਾ ਰਿਹਾ ਹੈ। ਇਸ ਟ੍ਰੈਕ ਨੂੰ ਯੂਟਿਊਬ ਅਤੇ ਸੋਸ਼ਲ ਮੀਡੀਆ ਦੀਆਂ ਵੱਖ ਸਾਈਟਾਂ ਤੇ ਅੱਪਲੋਡ ਕੀਤਾ ਗਿਆ ਹੈ । ਅਸੀਂ ਸਮੁੱਚੀ ਟੀਮ ਲਈ ਦਿਲੋਂ ਕਾਮਨਾਵਾਂ ਕਰਦੇ ਹਾਂ ਕਿ ਕੰਪਨੀ ਅਤੇ ਪੂਰੀ ਟੀਮ ਦਿਨ ਦੁੱਗਣੀ ਤਰੱਕੀ ਕਰੇ । ਸਰੋਤਿਆਂ ਦੀ ਪਹਿਲੀ ਪਸੰਦ ਬਣੇ । ਆਸ ਕਰਦੇ ਹਾਂ ਕਿ ਰਾਜ ਗੁਲਜ਼ਾਰ ਦੇ ਪਹਿਲੇ ਗੀਤਾਂ ਵਾਂਗ ਇਸ ਨਵੇਂ ਆਏ ਧਾਰਮਿਕ ਟਰੈਕ ਨੂੰ ਵੀ ਪਿਆਰ ਬਖਸ਼ੋ ਜੀ ।




for more news visit:
www.samajweekly.com

# ਤੇਜਾ ਸਿੰਘ ਸੁਤੰਤਰ-ਅਨੋਖੀ ਸ਼ਖਸ਼ੀਅਤ

ਤੇਜਾ ਸਿੰਘ ਸੁਤੰਤਰ ਦਾ ਜਨਮ 16ਜੁਲਾਈ 1901ਵਿੱਚ ਗੁਰਦ- ਾਸਪੁਰ ਦੇ ਛੋਟੇ ਜਿਹੇ ਪਿੰਡ ਅਲੂਣਾ ਵਿੱਚ ਹੋਇਆ। ਉਸ ਦਾ ਜਨਮ ਦਾ ਨਾਮ ਸਮੁੰਦ ਸਿੰਘ ਸੀ। ਮੁਢਲੀ ਸਿੱਖਿਆ ਆਪਣੇ ਪਿੰਡ ਵਿੱਚ ਲੈ ਕੇ ਹਾਈ ਸਕੂਲ ਸਿੱਖਿਆ, ਖਾਲਸਾ ਕਾਲਜ ਅੰਮ੍ਰਿਤਸਰ ਤੋਂ ਪ੍ਰਾਪਤ ਕੀਤੀ।

ਜਲ੍ਹਿਆਂਵਾਲੇ ਬਾਗ ਦੇ ਖੂਨੀ ਸਾਕੇ ਦੀ ਉਸਨੂੰ ਬਹੁਤ ਠੇਸ ਪਹੁੰਚੀ ਉਸਨੇ 20 ਸਾਲ ਦੀ ਉਮਰ ਵਿੱਚ ਅਕਾਲੀ ਦਲ ਵਿੱਚ ਸ਼ਮੂਲੀਅਤ ਕੀਤੀ। ਜਲਦੀ ਹੀ ਆਪਣਾ "ਸੁਤੰਤਰ ਜਥਾ" ਤਿਆਰ ਕੀਤਾ, ਜਿਸ ਕਰਕੇ ਅਪਣੇ ਨਾਮ ਨਾਲ ਸੁਤੰਤਰ ਤਖੱਲਸ ਜੁੜ ਗਿਆ। ਉਹ ਗੁਰਦੁਆਰਿਆਂ ਦੇ ਵਿਗੜੇ ਹੋਏ ਮਹੰਤਾਂ ਨੂੰ ਸੋਧਣ ਲੱਗੇ। ਸਭ ਤੋਂ ਪਹਿਲਾਂ ਆਪਣੇ ਸਰਹੱਦੀ ਪਿੰਡ ਦੇ ਨੇੜੇ "ਤੇਜਾ" ਗੁਰਦੁਆਰੇ ਦੇ ਮਹੰਤ ਨੂੰ ਸੋਧਿਆ, ਆਪ ਜੀ ਸਮੁੰਦਰ ਸਿੰਘ ਤੋਂ ਤੇਜਾ ਸਿੰਘ ਸੁਤੰਤਰ ਬਣ ਗਏ।

1930 ਵਿੱਚ ਆਪ ਗਦਰ ਪਾਰਟੀ ਵਿੱਚ ਸ਼ਾਮਿਲ ਹੋ ਗਏ।

ਭਾਰਤ ਦੀ ਕਮਿਊਨਿਸਟ ਪਾਰਟੀ ਦੀਆਂ ਮੂਹਲੀਆਂ ਸਫਾਂ ਦੇ ਮੈਂਬਰ ਰਹੇ। ਤੁਰਕੀ ਦੇ ਵਿੱਚ ਮਿਲਟਰੀ ਟ੍ਰੇਨਿੰਗ ਲੈਣ ਗਏ, ਉੱਥੇ ਆਜ਼ਾਦ ਬੇਗ ਨਾਮ ਤੇ 1924-25 ਵਿੱਚ ਤੁਰਕੀ ਦੀ ਆਰਮੀ ਵਿੱਚ ਰਹੇ। ਉਥੋਂ ਉਹ ਬਰਲਿਨ, ਕੈਨੇਡਾ ਅਤੇ ਯੂਐਸਏ ਵਿੱਚ ਗਏ। ਉਥੇ ਸਿੱਖ ਕਮਿਊਨਿਟੀਆਂ ਨੂੰ ਸੰਬੋਧਨ ਕਰਦੇ ਸਨ, ਆਜ਼ਾਦੀ ਦੀ ਗ਼ਦਰ ਲਹਿਰ ਦੀ ਲਈ ਜਾਗਰੂਕ



ਕਰਦੇ ਸਨ। ਤਾਂ ਕਿ ਦੇਸ਼ ਨੂੰ ਆਜ਼ਾਦ ਕਰਵਾਉਣ ਦੀ ਲਹਿਰ ਨੂੰ ਠੁੰਮਣਾ ਮਿਲ ਸਕੇ। ਦਸੰਬਰ19 34 ਵਿੱਚ ਵਿਸ਼ੇਸ਼ ਤੌਰ ਤੇ ਟ੍ਰੇਨਿੰਗ ਤੇ ਸਿੱਖਿਆ ਲਈ ਮਾਸਕੋ ਗਏ, ਤੇ ਉਥੋਂ ਭਾਰਤ ਪਰਤ ਆਏ। 1936 ਵਿੱਚ, ਆਪ ਨੂੰ ਵਿਦਰੋਹ ਕਰਨ ਦੇ ਦੋਸ਼ ਵਿੱਚ ਜੇਲ੍ਹ ਹੋ ਗਈ। ਆਪ ਨੇ ਬੀਤੇ ਦੀ ਡਿਗਰੀ ਜੇਲ੍ਹ ਵਿਚ ਰਹਿ ਕੇ ਹੀ ਕੀਤੀ।

ਗਦਰ ਲਹਿਰ ਦੀ ਮਜਬੂਤੀ ਲਈ, ਤੇਜਾ ਸਿੰਘ ਸੁਤੰਤਰ ਨੇ ਆਪਣੇ ਸਾਥੀਆਂ ਨਾਲ ਰਲ ਕੇ ਬੈਂਕ ਡਕੈਤੀ ਵੀ ਕੀਤੀ ਤੇ ਉਥੋਂ ਮੋਟਰਸਾਈਕਲ ਵੀ ਲਿਆਂਦਾ ਜਿਸ ਨੂੰ ਆਪ ਮੁਜਾਰਾ ਲਹਿਰ ਵਾਸਤੇ ਵਰਤਦੇ ਸਨ। ਸਾਡਾ ਪਿੰਡ ਕੁਲਬੁਰਛਾ ਸਾਰੇ ਪਾਸਿਆਂ ਤੋਂ ਵੱਡੇ ਵੱਡੇ ਕਸਬਿਆਂ ਤੋਂ ਦੂਰ ਘੁੱਗ ਵਸਦਾ ਪਿੰਡ ਸੀ। ਬਾਹਰਲੀ ਦੁਨੀਆਂ ਨਾਲ ਘੱਟ ਸੰਪਰਕ ਹੋਣ ਕਾਰਨ ਉਨ੍ਹਾਂ ਦੀ ਠਾਹਰ ਜਾਂ ਐਕਟਿਵਿਟੀ ਦਾ ਕੇਂਦਰ ਸਾਡਾ ਬਾਗਵਾਲਾ ਘਰ ਹੁੰਦਾ ਸੀ। ਮੇਰੇ ਦੋ ਚਾਚਿਆਂ ਦੇ ਘਰ ਹੁੰਦੇ ਸਨ ਉਨ੍ਹਾਂ ਦੇ ਪਰਿਵਾਰ ਵੀ ਰਹਿੰਦੇ ਸਨ।ਪਰ ਆਮ ਲੋਕਾਂ ਦਾ ਆਉਣਾ ਜਾਣਾ ਨਾਂਮਾਤਰ ਹੀ।1953-54 ਤੱਕ ਉਹ ਮੋਟਰਸਾਈਕਲ ਇੱਕ ਕਮਰੇ ਵਿੱਚ ਖੜਾ ਰਹਿੰਦਾ ਸੀ, ਜਦੋਂ ਸਾਨੂੰ ਬੱਚਿਆਂ ਨੇ ਉਸ ਕਮਰੇ ਵੱਲ ਜਾਣਾ ਤਾਂ ਚਾਚੀ ਭਜਾ ਦਿੰਦੀ ਸੀ।

ਤੇਜਾ ਸਿੰਘ ਸੁਤੰਤਰ ਆਜ਼ਾਦੀ ਸੰਗਰਾਮ, ਬਨਵਾਸ ਦੌਰਾਨ ਤੇ ਜੇਲ੍ਹ ਵਿੱਚ, ਆਪਣੀ ਬਹਾਦਰੀ ਅਤੇ ਨਿਡਰਤਾ ਲਈ ਜਾਣੇ ਜਾਂਦੇ ਸਨ। ਸਾਦਗੀ ਭਰਪੂਰ ਜੀਵਨ ਬਤੀਤ ਕੀਤਾ। ਸਿਰਫ ਆਚਾਰ ਨਾਲ ਦੋ ਰੋਟੀਆਂ ਖਾ ਕੇ ਆਪਣਾ ਦਿਨ-ਚਰਿਆ ਪੂਰਾ ਕਰਦੇ ਸਨ। ਦੱਬੇ ਕੁਚਲੇ ਲੋਕਾਂ ਦੇ ਅਣਥਕ ਸੇਵਕ ਵਜੋਂ, ਵਕਾਲਤ ਕਰਨ ਵਾਲੇ ਜਾਣੇ ਜਾਂਦੇ ਸਨ, ਖਾਸ ਕਰਕੇ ਖੇਤੀ ਕਿਰਤੀਆਂ ਅਤੇ ਮੁਜਾਰਿਆਂ ਵਾਸਤੇ।ਆਪ ਨੇ " ਕਿਰਤੀ " ਅਖਬਾਰ ਵੀ ਸ਼ੁਰੂ ਕੀਤਾ ਦੈਨਿਕ ਵੀ ਅਤੇ ਵੀਕਲੀ ਵੀ।ਆਪ ਹੀ ਉਸ ਦੇ ਮੈਨੇਜਿੰਗ ਐਡੀਟਰ ਰਹੇ ।



**ਅਮਰਜੀਤ ਸਿੰਘ ਤੂਰ**
**ਪਿੰਡ ਕੁਲਬੁਰਛਾਂਜ਼ਿਲਾ ਪਟਿਆਲਾ। ਹਾਲ-ਆਬਾਦ ਬ੍ਰਿਸਬੇਨ, ਆਸਟ੍ਰੇਲੀਆ**
**ਫੋਨ ਨੰਬਰ : 9878469639**



# ਪੁਸਤਕਾਂ ਦੀ ਐਡਵਰਟਾਈਜ਼ਮੈਂਟ

**ਗਿਆਨ ਅਤੇ ਦਾਨ ਨਾਲ-ਨਾਲ**






















**ਹਾਸ-ਵਿਅੰਗ ਲੇਖਕ ਭਗਵਾਨ ਸਿੰਘ ਤੱਗੜ ਦੀਆਂ ਪੁਸਤਕਾਂ ਖਰੀਦਨ ਲਈ ਈ-ਮੇਲ ਰਾਹੀਂ ਜਾਂ ਫੋਨ ਰਾਹੀਂ ਸੰਪਰਕ ਕਰੋ ਜੀ, ਪੰਜਾਬੀ ਅਤੇ ਹਿੰਦੀ ਪੁਸਤਕਾਂ ਦੀ ਕੀਮਤ £5 +ਡਾਕ ਖਰਚ ਅਤੇ ਇੰਗਲਿਸ਼ ਨਾਵਲ £7+ਡਾਕ ਖਰਚ। ਇਹ ਪੁਸਤਕਾਂ ਦਾ ਪੈਸਾ ਕੈਂਸਰ ਅਤੇ ਅੱਖਾਂ ਦੀ ਚੇਰੀਟੀ ਨੂੰ ਭੇਜਿਆ ਜਵੇਗਾ।**

| | | |
|---|---|---|
| ਭਿਖਾਰੀ ਯੂਨੀਅਨ | ਪੰਜਾਬੀ ਹਾਸ ਵਿਅੰਗ | £5 |
| ਮੂਰਖਾਂ ਦੀ ਮਹਿਫਿਲ | ਪੰਜਾਬੀ ਹਾਸ ਵਿਅੰਗ | £5 |
| ਇਕ ਗਧੇ ਨਾਲ ਮੁਲਾਕਾਤ | ਪੰਜਾਬੀ ਹਾਸ ਵਿਅੰਗ | £5 |
| ਜਵਾਲਾਮੁਖੀ | ਪੰਜਾਬੀ ਨਾਵਲ | £5 |
| ਫਲੈਟ ਤੋਂ ਫਲੈਟ ਤੱਕ | ਪੰਜਾਬੀ ਕਹਾਨੀ | £5 |
| ਗਾਇਕ ਬੇਸੁਰਾ ਜੀ ਸੇ ਸਾਕਸ਼ਾਤਕਾਰ | ਹਿੰਦੀ ਹਾਸ ਰਸ | £5 |
| ਅਖਿਲ ਭਾਰਤੀਅ ਖਿਚੜੀ ਸੱਮੇਲਨ | ਹਿੰਦੀ ਹਾਸ ਰਸ | £5 |
| ਵੋਲਕੈਨੋ | ਇੰਗਲਿਸ਼ ਸੋਸ਼ਲ ਨਾਵਲ | £7 |
| ਇਰੈਡੀਚੇਸ਼ਨ ਔਫ਼ ਈਵਲ ਨਾਵਲ | ਕਰਾਈਮ ਥਰਿਲਰ | £7 |

## ਸ਼੍ਰੀਮਾਨ ਦਵਿੰਦਰ ਦਾਸ ਜੀ ਦਾ ਟ੍ਰੈਕ "ਮੇਰਾ ਸਤਿਗੁਰ ਪਿਆਰਾ" ਡੇਰਾ ਸੱਚਖੰਡ ਬੱਲਾਂ ਵਲੋਂ ਰਿਲੀਜ਼

**ਸਰੀ/ ਵੈਨਕੂਵਰ (ਕੁਲਦੀਪ ਚੁੰਬਰ)-** ਡੇਰਾ ਸੱਚਖੰਡ ਬੱਲਾਂ ਤੇ ਬੱਲਾਂ ਟੀ ਵੀ ਦੀ ਪੇਸ਼ਕਸ਼ ਵਿੱਚ ਧੰਨ ਧੰਨ ਸਤਿਗੁਰੂ ਸੁਆਮੀ ਸਰਵਣ ਦਾਸ ਜੀ ਮਹਾਰਾਜ , ਸ਼੍ਰੀਮਾਨ 108 ਸੰਤ ਨਿਰੰਜਨ ਦਾਸ ਮਹਾਰਾਜ ਜੀ ਨੇ ਆਸ਼ੀਰਵਾਦ ਨਾਲ "ਮੇਰਾ ਸਤਿਗੁਰ ਪਿਆਰਾ" ਟਾਈਟਲ ਹੇਠ ਗੁਰੂ ਘਰ ਦੇ ਸੇਵਾਦਾਰ ਸ੍ਰੀਮਾਨ ਦਵਿੰਦਰ ਦਾਸ ਜੀ ਵੱਲੋਂ ਆਪਣਾ ਧਾਰਮਿਕ ਟ੍ਰੈਕ ਗੁਰੂ ਰਵਿਦਾਸ ਮਹਾਰਾਜ ਜੀ ਦੀ ਪਾਵਨ ਪਵਿੱਤਰ ਪ੍ਰਕਾਸ਼ ਪੁਰਬ ਦੀ ਖੁਸ਼ੀ ਵਿੱਚ ਰਿਲੀਜ਼ ਕੀਤਾ ਗਿਆ। ਜਿਸ ਦੀ ਜਾਣਕਾਰੀ ਦਿੰਦਿਆਂ ਸੋਸ਼ਲ ਮੀਡੀਆ ਤੇ ਸ਼੍ਰੀਮਾਨ ਦਵਿੰਦਰ ਦਾਸ ਜੀ ਨੇ ਦੱਸਿਆ ਕਿ "ਮੇਰਾ ਸਤਿਗੁਰ ਪਿਆਰਾ" ਟਾਈਟਲ ਟ੍ਰੈਕ ਡੇਰਾ ਸੱਚਖੰਡ ਬੱਲਾਂ ਤੇ ਬੱਲਾਂ ਟੀਵੀ ਦੀ ਪੇਸ਼ਕਸ਼ ਹੈ। ਜਿਸ ਨੂੰ ਉਹਨਾਂ ਨੇ ਖੁਦ ਹੀ ਕੰਪੋਜ਼ ਅਤੇ ਕਲਮਬੱਧ ਕੀਤਾ ਹੈ। ਅਮਰ ਦਾ ਮਿਊਜਿਕ ਮਿਰਰ ਵਲੋਂ ਇਸ ਦਾ ਸੰਗੀਤ ਤਿਆਰ ਕੀਤਾ ਗਿਆ ਹੈ। ਰਕੇਸ਼ ਕੁਮਾਰ ਇਸ ਦੇ ਐਡੀਟਰ ਹਨ ਅਤੇ ਜੱਸੀ ਆਰਟਸ ਵਲੋਂ ਇਸ ਦੇ ਪੋਸਟਰ ਨੂੰ ਬਾਖੂਬੀ ਡਿਜ਼ਾਇਨ ਕਰਕੇ ਸੰਗਤ ਦੇ ਸਪੁਰਦ ਕੀਤਾ ਗਿਆ ਹੈ। ਸੁਖਜਿੰਦਰ ਵਿਰਦੀ ਦੀ ਕੈਮਰਾ ਭੂਮਿਕਾ ਇਸ ਟ੍ਰੈਕ ਵਿੱਚ ਵਿਲੱਖਣ ਤਰੀਕੇ ਨਾਲ ਦਿਖਾਈ ਦੇ ਰਹੀ । ਭੁਪਿੰਦਰ ਵਿਰਦੀ, ਸੁਖਜਿੰਦਰ ਵਿਰਦੀ ਅਤੇ ਗੁਰਬੀਰ ਵਿਰਦੀ ਦੀਆਂ ਸੇਵਾਵਾਂ ਵੀ ਸਲਾਹੁਣਯੋਗ ਹਨ । ਸ੍ਰੀਮਾਨ ਦਵਿੰਦਰ ਦਾਸ ਜੀ ਗੁਰੂ ਦਰਬਾਰ ਡੇਰਾ ਸੱਚਖੰਡ




ਬੱਲਾਂ ਦੇ ਪਰਮ ਸੇਵਕ ਹਨ ਅਤੇ ਸਤਿਗੁਰੂ ਮਹਾਰਾਜ ਇਹਨਾਂ ਦੀ ਇਸ ਨਿਮਾਣੀ ਕੋਸ਼ਿਸ਼ ਨੂੰ ਜਰੂਰ ਚਾਰ ਚੰਦ ਲਾਉਣ ਅਤੇ ਗੁਰੂ ਘਰ ਦੀਆਂ ਸੰਗਤਾਂ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਇਸ ਪਿਆਰੇ ਸ਼ਬਦ ਨੂੰ ਸ਼ੇਅਰ ਲਾਈਕ ਅਤੇ ਕੁਮੈਂਟ ਕਰਕੇ ਜਰੂਰ ਆਪਣਾ ਪਿਆਰ ਦੇਣ ਜੀ । ਜੈ ਗੁਰਦੇਵ ਧੰਨ ਗੁਰਦੇਵ ਜੀ।




## ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਦਰਸਾਏ ਮਾਰਗ ਤੇ ਸਮਾਜ ਨੂੰ ਚੱਲਣ ਦੀ ਲੋੜ - ਜੱਸੀ ਤੱਲ੍ਹਣ

### ਮਿਸ਼ਨਰੀ ਗੀਤ ਵੀ ਸਮਾਜ ਵਿੱਚ ਭਰ ਰਹੇ ਨੇ ਚੇਤਨਤਾ



**ਸਰੀ /ਵੈਨਕੂਵਰ (ਕੁਲਦੀਪ ਚੁੰਬਰ)-** ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਦਰਸਾਏ ਮਾਰਗ ਤੇ ਚੱਲਣ ਦੀ ਅੱਜ ਸਮਾਜ ਨੂੰ ਬਹੁਤ ਲੋੜ ਹੈ, ਕਿਉਂਕਿ ਸਤਿਗੁਰੂ ਰਵਿਦਾਸ ਮਹਾਰਾਜ ਜੀ ਨੇ ਆਪਣੀ ਬਾਣੀ ਵਿੱਚ ਸਾਨੂੰ ਜੀਵਨ ਦੀ ਜਾਂਚ ਸਿਖਾਈ ਅਤੇ ਆਪਣੇ ਸੰਕਲਪ ਉਦੇਸ਼ ਅਤੇ ਹੱਕਾਂ ਲਈ ਜਾਣੂ ਕਰਾਇਆ। ਉਹਨਾਂ ਦੀ ਮਹਾਨ ਉੱਚੀ ਸੁੱਚੀ ਸੋਚ ਨੇ ਸਾਡੇ ਜੀਵਨ ਦੇ ਹਰ ਪਹਿਲੂ ਨੂੰ ਜਾਗਰੂਕ ਕੀਤਾ । ਇਹ ਸ਼ਬਦ ਸ੍ਰੀ ਗੁਰੂ ਰਵਿਦਾਸ ਟਾਈਗਰ ਫੋਰਸ ਦੇ ਪ੍ਰਧਾਨ ਸ੍ਰੀਮਾਨ ਜੱਸੀ ਤੱਲ੍ਹਣ ਨੇ ਅੱਜ ਡੇਰਾ ਸੱਚਖੰਡ ਬੱਲਾਂ ਵਿੱਚ ਨਤਮਸਤਕ ਹੁੰਦਿਆਂ ਕਹੇ। ਇਸ ਮੌਕੇ ਜਿੱਥੇ ਉਹਨਾਂ ਨੇ ਸਤਿਗੁਰੂ ਨਿਰੰਜਨ ਦਾਸ ਮਹਾਰਾਜ ਜੀ ਤੋਂ ਚੜ੍ਹਦੀ ਕਲਾ ਦਾ ਆਸ਼ੀਰਵਾਦ ਲਿਆ, ਉੱਥੇ ਹੀ ਉਹਨਾਂ ਨੇ ਇਸ ਮੌਕੇ ਮਿਸ਼ਨਰੀ ਗਾਇਕ ਕੁਲਦੀਪ ਚੁੰਬਰ ਦੇ ਗੀਤਾਂ ਦੀ ਸ਼ੂਟਿੰਗ ਵਿੱਚ ਵੀ ਸ਼ਿਰਕਤ ਕੀਤੀ। ਉਹਨਾਂ ਨੇ ਇਸ ਸ਼ੂਟਿੰਗ ਵਿੱਚ ਆਪਣੇ ਸਾਥੀਆਂ ਸਮੇਤ ਭਰਵੀਂ ਹਾਜ਼ਰੀ ਭਰੀ । ਇਸ ਮੌਕੇ ਪ੍ਰਧਾਨ ਜੱਸੀ ਤੱਲ੍ਹਣ ਨੇ ਗਾਇਕ ਕੁਲਦੀਪ ਚੁੰਬਰ ਦੀ ਸਮੁੱਚੀ ਟੀਮ ਨੂੰ ਮੁਬਾਰਕਬਾਦ ਦਿੰਦਿਆਂ ਕਿਹਾ ਕਿ ਅੱਜ ਸਮੇਂ ਵਿੱਚ ਚੇਤਨਤਾ ਤੇ ਜਾਗਰੂਕਤਾ ਲਿਆਉਣ ਲਈ ਮਿਸ਼ਨਰੀ ਗੀਤਾਂ ਦਾ ਵੀ ਅਹਿਮ ਰੋਲ ਹੈ। ਉਹਨਾਂ ਕਿਹਾ ਕਿ ਜਿਹੜੇ ਕਲਾਕਾਰ ਸਮਾਜ ਅਤੇ ਮਿਸ਼ਨ ਪ੍ਰਤੀ ਆਪਣੇ ਰਹਿਬਰਾਂ ਦੇ ਦਰਸਾਏ ਮਾਰਗਾਂ ਤੇ ਸੰਕਲਪਾਂ ਨੂੰ ਗੀਤਾਂ ਵਿੱਚ ਪਰੋਕੇ ਸਮਾਜ ਦੇ ਸਨਮੁੱਖ ਰੱਖਦੇ ਹਨ, ਉਹ ਆਪਣੇ ਆਪ ਵਿੱਚ ਇੱਕ ਵੱਡਾ ਸਮਾਜਿਕ ਕਾਰਜ ਕਰ ਰਹੇ ਹਨ । ਉਨਾਂ ਨੇ ਸਮਾਜ ਦੇ ਸਾਰੇ ਹੀ ਗਾਇਕਾਂ, ਪ੍ਰਚਾਰਕਾਂ, ਲੇਖਕਾਂ, ਬੁੱਧੀਜੀਵੀਆਂ, ਵਿਦਵਾਨਾਂ, ਬੁਲਾਰਿਆਂ, ਕਲਾਕਾਰਾਂ ਦਾ ਸਨਮਾਨ



ਸਤਿਕਾਰ ਕਰਦਿਆਂ ਕਿਹਾ ਕਿ ਸਾਰੇ ਹੀ ਕਲਾਕਾਰ ਸਤਿਕਾਰਯੋਗ ਹਨ, ਜੋ ਆਪਣੇ ਰਹਿਬਰਾਂ ਦੇ ਪਾਏ ਹੋਏ ਪੂਰਨਿਆਂ ਤੇ ਚੱਲ ਕੇ ਸਮਾਜ ਨੂੰ ਹਮੇਸ਼ਾ ਉਹਨਾਂ ਦੇ ਪ੍ਰਚਾਰ ਪ੍ਰਸਾਰ ਦਾ ਹੋਕਾ ਦਿੰਦੇ ਹਨ।

## ਗਾਇਕ ਜੇ ਐਚ ਤਾਜਪੁਰੀ ਦਾ ਟ੍ਰੈਕ "ਮੇਰੇ ਲੇਖਾਂ ਵਿੱਚ" ਰਿਲੀਜ਼

**ਸਰੀ /ਵੈਨਕੂਵਰ (ਕੁਲਦੀਪ ਚੁੰਬਰ)-** ਰਵਿਦਾਸੀਆ ਕੌਮ ਦੇ ਪ੍ਰਸਿੱਧ ਗਾਇਕ ਜੇ ਐਚ ਤਾਜਪੁਰੀ ਨੇ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਪਾਵਨ ਪਵਿੱਤਰ ਆਗਮਨ ਪੁਰਬ ਦੀ ਖੁਸ਼ੀ ਵਿੱਚ ਟਰੈਂਗਲ ਮਿਊਜਿਕ ਅਤੇ ਸੰਦੀਪ ਕਨੇਡਾ ਦੀ ਪੇਸ਼ਕਸ਼ ਵਿੱਚ "ਮੇਰੇ ਲੇਖਾਂ ਵਿੱਚ" ਟਾਈਟਲ ਰੱਖ ਕੇ ਹਾਲ ਹੀ ਵਿੱਚ ਰਿਲੀਜ਼ ਕੀਤਾ ਹੈ। ਇਸ ਟ੍ਰੈਕ ਲਈ ਸ਼੍ਰੀਮਾਨ ਸੰਤ ਨਿਰੰਜਨ ਦਾਸ ਮਹਾਰਾਜ ਜੀ ਦਾ ਮਹਾਨ ਆਸ਼ੀਰਵਾਦ ਹੈ । ਜੇ ਐਚ ਤਾਜਪੁਰੀ ਨੇ ਇਸ ਟ੍ਰੈਕ ਦੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਟ੍ਰੈਕ ਨੂੰ ਮਾਣੀ ਫਗਵਾੜੇ ਵਾਲੇ ਨੇ ਕਲਮਬੱਧ ਕੀਤਾ ਹੈ ਅਤੇ ਮਿਊਜ਼ਿਕ ਖੁਦ ਗਾਇਕ ਤਾਜਪੁਰੀ ਵਲੋਂ ਤਿਆਰ ਕੀਤਾ ਗਿਆ ਹੈ । ਵੀਡੀਓ ਸੈਂਡੀ ਫੋਟੋਗ੍ਰਾਫੀ ਵਲੋਂ ਤਿਆਰ ਕੀਤੀ ਗਈ ਹੈ। ਜਿਸ ਨੂੰ ਵੱਖ ਵੱਖ ਲੋਕੇਸ਼ਨਜ਼ ਤੇ ਸੋਹਣੇ ਅੰਦਾਜ਼ ਵਿੱਚ ਤਿਆਰ ਕੀਤਾ ਗਿਆ ਹੈ। ਮੇਰੇ ਲੇਖਾਂ ਵਿੱਚ ਟ੍ਰੈਕ ਲਈ ਵਿਸ਼ੇਸ਼ ਤੌਰ ਤੇ ਸਤਨਾਮ ਸਰੋਆ ਕਨੇਡਾ, ਵਰਿੰਦਰ ਬੰਗੜ ਕਨੇਡਾ, ਬਰਜਿੰਦਰ ਭੱਟੀ ਕਨੇਡਾ, ਮਦਨ ਝਿੰਮ ਕਨੇਡਾ ਅਤੇ ਹੋਰ ਅਹਿਮ ਸ਼ਖਸ਼ੀਅਤਾਂ ਦਾ ਜੇ ਐਚ ਤਾਜਪੁਰੀ ਨੇ ਧੰਨਵਾਦ ਕੀਤਾ ਹੈ। ਇਸ ਟ੍ਰੈਕ ਲਈ ਸ਼ੁਭਕਾਮਨਾਵਾਂ ਦਿੰਦਿਆਂ ਸਤਿਕਾਰਯੋਗ ਸ੍ਰੀ ਬਿਲ ਬਸਰਾ ਜੀ ਨੇ ਵੀ ਜੇ ਐਚ ਤਾਜਪੁਰੀ ਨੂੰ ਆਪਣਾ ਵਧਾਈ ਸੰਦੇਸ਼ ਭੇਜਿਆ ਹੈ। ਜਿਕਰਯੋਗ ਹੈ ਕਿ ਜੇ




ਤਾਜਪੁਰੀ ਦੇ ਅਨੇਕਾਂ ਗੀਤ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੀ ਮਹਿਮਾ ਨਾਲ ਓਤ ਪੋਤ ਹਨ ਅਤੇ ਸੰਗਤ ਵੱਲੋਂ ਬਹੁਤ ਪਿਆਰ ਮੁਹੱਬਤ ਦੇ ਕੇ ਇਹਨਾਂ ਗੀਤਾਂ ਨੂੰ ਨਿਵਾਜਿਆ ਗਿਆ ਹੈ । ਜੇ ਐਚ ਤਾਜਪੁਰੀ ਦੀ ਪੂਰੀ ਟੀਮ ਆਸ ਕਰਦੀ ਹੈ ਕਿ ਇਸ ਟਰੈਕ ਨੂੰ ਵੀ ਸੰਗਤ ਆਪਣਾ ਦਿਲੀਂ ਆਸ਼ੀਰਵਾਦ ਦੇ ਕੇ ਸਤਿਕਾਰ ਬਖਸ਼ੇਗੀ । ਜੈ ਗੁਰਦੇਵ ਧੰਨ ਗੁਰਦੇਵ।

# ਡੇਰਾ ਸੱਚਖੰਡ ਬੱਲਾਂ ਦੇ ਗੱਦੀ ਨਸ਼ੀਨ ਸਤਿਗੁਰੂ ਨਿਰੰਜਨ ਦਾਸ ਮਹਾਰਾਜ ਜੀ ਨੇ ਲੋਕ ਗਾਇਕ ਦਲਵਿੰਦਰ ਦਿਆਲਪੁਰੀ ਦੇ ਟ੍ਰੈਕ "ਬੱਲਾਂ ਵਿੱਚ ਵਾਸਾ ਹੈ' ਦਾ ਕੀਤਾ ਪੋਸਟਰ ਰਿਲੀਜ਼



**ਸਰੀ /ਵੈਨਕੂਵਰ (ਕੁਲਦੀਪ ਚੁੰਬਰ)–** ਜਗਤ ਗੁਰੂ ਧੰਨ ਧੰਨ ਸ਼੍ਰੀ ਗੁਰੂ ਰਵਿਦਾਸ ਜੀ ਦੇ ਜਨਮ ਦਿਹਾੜੇ ਨੂੰ ਸਮਰਪਿਤ ਧਾਰਮਿਕ ਗੀਤ " ਬੱਲਾਂ ਵਿੱਚ ਵਾਸਾ ਹੈ " ਦਾ ਅੱਜ ਰਸਮੀ ਤੌਰ ਤੇ ਡੇਰਾ ਸੱਚਖੰਡ ਬੱਲਾਂ ਦੇ ਗੱਦੀ ਨਸ਼ੀਨ ਸ਼੍ਰੀਮਾਨ 108 ਸੰਤ ਨਿਰੰਜਨ ਦਾਸ ਮਹਾਰਾਜ ਜੀ ਵਲੋਂ ਗਾਇਕ ਦਲਵਿੰਦਰ ਦਿਆਲਪੁਰੀ ਦੇ ਧਾਰਮਿਕ ਟਰੈਕ ਦਾ ਪੋਸਟਰ ਰਿਲੀਜ਼ ਕੀਤਾ ਗਿਆ । ਇਸ ਖੂਬਸੂਰਤ ਟਰੈਕ ਨੂੰ ਰਿਲੀਜ਼ ਹੋਣ ਤੇ ਲੋਕ ਗਾਇਕ ਦਲਵਿੰਦਰ ਦਿਆਲਪੁਰੀ ਨੂੰ ਸਮੂਹ ਮਹਾਂਪੁਰਸ਼ਾਂ ਤੇ ਸੰਗਤਾਂ ਨੇ ਸ਼ੁਭਕਾਮਨਾਵਾਂ ਦਿੱਤੀਆਂ ਗਾਇਕ ਦਲਵਿੰਦਰ ਦਿਆਲਪੁਰੀ ਨੇ ਇਸ ਟ੍ਰੈਕ ਨੂੰ ਆਪਣੀ ਰਵਾਇਤੀ ਆਵਾਜ਼ ਦੇ ਕੇ ਬਾਖੂਬੀ ਨਿਭਾਇਆ ਹੈ । ਸੰਗੀਤ ਰਾਜ ਕੁਮਾਰ ਕਿਕ ਇਨ ਬੀਟਸ ਦਾ ਹੈ । ਵੀਡੀਓ ਹਰਮੇਸ਼ ਸਾਹਿਲ ਨੇ ਲਾਜਵਾਬ ਤਿਆਰ ਕੀਤੀ ਹੈ । ਜੱਸ ਇੰਦਰ ਦੀ ਪੇਸ਼ਕਸ਼ ਵਿੱਚ ਇਸ ਟਰੈਕ ਦੇ ਪ੍ਰੋਡਿਊਸਰ ਰਾਜਿੰਦਰ ਸਿੰਘ ਹਨ ਅਤੇ ਇਸ ਟਰੈਕ ਨੂੰ ਰਿਲੀਜ਼ ਕਰਨ ਵਾਲੀ ਕੰਪਨੀ ਜੱਸ ਆਡੀਓ ਹੈ । ਸੰਤ ਨਿਰੰਜਨ ਦਾਸ (ਡੇਰਾ ਸੱਚਖੰਡ ਬੱਲਾਂ ਜ਼ਿਲ੍ਹਾ ਜਲੰਧਰ) ਜੀ ਦੀ ਰਹਿਨੁਮਾਈ ਹੇਠ ਬਣੇ ਇਸ ਗੀਤ ਨੂੰ ਵੱਧ ਤੋਂ ਵੱਧ ਲਾਈਕ ਅਤੇ ਸ਼ੇਅਰ ਕਰੋ ਜੀ ਸਮੁੱਚੀ ਟੀਮ ਦੀ ਇਹੋ ਗੁਜ਼ਾਰਿਸ਼ ਹੈ ।

# ਗਾਇਕਾ ਸਰਬਜੀਤ ਕੌਰ ਗਾਟ ਦਾ ਦੂਜਾ ਟ੍ਰੈਕ "ਮੇਰੇ ਸਿਰ ਤੇ ਹੱਥ" ਹੋਵੇਗਾ ਜਲਦ ਰਿਲੀਜ਼ - ਅਜੇ ਸਰਬ ਗਾਹਟ ਯੂਐਸਏ




**ਸਰੀ/ ਵੈਨਕੂਵਰ (ਕੁਲਦੀਪ ਚੁੰਬਰ)–** ਹਾਲ ਹੀ ਵਿੱਚ ਨਵੀਂ ਆਵਾਜ਼ ਹੋਂਦ ਵਿੱਚ ਆਈ ਹੈ, ਜਿਸ ਦਾ ਨਾਮ ਸੰਗੀਤਕ ਸਫ਼ਾਂ ਵਿੱਚ ਸਰਬਜੀਤ ਕੌਰ ਗਾਹਟ ਵਜੋਂ ਸਥਾਪਿਤ ਹੋਇਆ ਹੈ । ਇਸ ਨਵੀ ਆਵਾਜ਼ ਦੀ ਮਾਲਕ ਗਾਇਕਾ ਸਰਬਜੀਤ ਕੌਰ ਗਾਟ ਨੇ ਰਿੰਗ ਰਿਕਾਰਡਸ ਦੀ ਪੇਸ਼ਕਸ਼ ਵਿੱਚ ਆਪਣੇ ਦੂਸਰੇ ਟ੍ਰੈਕ ਦਾ ਪੋਸਟਰ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਆਗਮਨ ਪੁਰਬ ਦੀ ਖੁਸ਼ੀ ਵਿੱਚ "ਮੇਰੇ ਸਿਰ ਤੇ ਹੱਥ" ਟਾਈਟਲ ਰੱਖ ਕੇ ਸੋਸ਼ਲ ਮੀਡੀਆ ਤੇ ਰਿਲੀਜ਼ ਕੀਤਾ ਹੈ ।





ਇਸ ਟ੍ਰੈਕ ਦੇ ਪੇਸ਼ਕਾਰ ਅਤੇ ਪ੍ਰੋਡਿਊਸਰ ਅਜੇ ਸਰਬ ਗਾਹਟ ਨੇ ਦੱਸਿਆ ਕਿ ਜਲਦੀ ਇਸ ਦੂਸਰੇ ਟ੍ਰੈਕ ਨੂੰ ਸੋਸ਼ਲ ਮੀਡੀਆ ਤੇ ਯੂ ਟਿਊਬ ਦੇ ਮਾਧਿਅਮ ਰਾਹੀ ਰਿਲੀਜ਼ ਕਰ ਦਿੱਤਾ ਜਾਵੇਗਾ। ਜਿਸ ਵਿੱਚ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੀ ਅਪਾਰ ਮਹਿਮਾ ਦੇ ਸ਼ਬਦ ਸੰਗਤ ਨੂੰ ਸਰਸ਼ਾਰ ਕਰਨਗੇ। ਲੇਟ ਸ਼੍ਰੀ ਜੈ ਰਾਮ ਜੀ ਅਤੇ ਸ਼੍ਰੀਮਤੀ ਸਵਰਨ ਕੌਰ ਜੀ ਦੀਆਂ ਇਸ ਟ੍ਰੈਕ ਲਈ ਆਸ਼ੀਰਵਾਦਾਂ ਹਨ। ਸੋਨੂ ਮੁਸਾਪੁਰੀਆ ਦੇ ਲਿਖੇ ਖੂਬਸੂਰਤ ਟ੍ਰੈਕ ਨੂੰ ਸੀਟੂ ਬਾਈ ਨੇ ਪ੍ਰੋਜੈਕਟ ਅਤੇ ਵੀਡੀਓ ਬਣਾ ਕੇ ਸੰਗਤ ਦੇ ਹਿੱਤ ਪੇਸ਼ ਕੀਤਾ ਹੈ । ਜਿਸ ਲਈ ਸਮੁੱਚੀ ਟੀਮ ਹੀ ਇਸ ਟ੍ਰੈਕ ਲਈ ਵਧਾਈ ਦੀ ਪਾਤਰ ਹੈ । ਸਤਿਗੁਰੂ ਰਵਿਦਾਸ ਮਹਾਰਾਜ ਜੀ ਅਤੇ ਡੇਰਾ ਸੱਚਖੰਡ ਬੱਲਾਂ ਨੇ ਮਹਾਨ ਰਹਿਬਰ ਸਤਿਗੁਰ ਸੁਆਮੀ ਨਿਰੰਜਨ ਦਾਸ ਜੀ ਮਹਾਰ-ਾਜ ਦਾ ਇਸ ਟ੍ਰੈਕ ਨੂੰ ਆਸ਼ੀਰਵਾਦ ਹੈ । ਸੰਗਤ ਵੱਧ ਤੋਂ ਵੱਧ ਇਸ ਟ੍ਰੈਕ "ਮੇਰੇ ਸਿਰ ਤੇ ਹੱਥ" ਨੂੰ ਸ਼ੇਅਰ ਲਾਈਕ ਅਤੇ ਕੁਮੈਂਟ ਕਰਕੇ ਆਪਣਾ ਪਿਆਰ ਦੇਵੇ ਜੀ । ਆਮੀਨ !

# ਪੱਤਰਕਾਰ ਭਿੰਦਰਪਾਲ ਸਿੰਘ ਨੂੰ ਸਦਮਾ, ਪਿਤਾ ਦਾ ਦੇਹਾਂਤ



**ਫਿਲੌਰ/ਅੱਪਰਾ(ਦੀਪਾ)–** ਤਾਰਾ ਕੇਂਦਰ ਅੱਪਰਾ ਤੇ ਰਿੰਪੀਜ਼ ਪੀ. ਸੀ. ਓ ਦੇ ਮਾਲਕ ਪੱਤਰਕਾਰ ਭਿੰਦਰਪਾਲ ਸਿੰਘ ਨੂੰ ਉਸ ਸਮੇਂ ਗਹਿਰਾ ਸਦਮਾ ਲੱਗਾ, ਜਦੋਂ ਬੀਤੇ ਦਿਨ ਉਨਾਂ ਨੇ ਪਿਤਾ ਸ. ਜੰਗ ਸਿੰਘ (ਰਿਟਾਇਰ ਵੈਟਨਰੀ ਡਾਕਟਰ) ਪੂਰੇ ਪਰਿਵਾਰ ਨੂੰ ਸਦੀਵੀ ਵਿਛੋੜਾ ਦੇ ਗਏ । ਡਾ. ਸ ਜੰਗ ਸਿੰਘ ਪਿਛਲੇ ਕੁਝ ਸਮੇਂ ਤੋਂ ਬਿਮਾਰ ਚੱਲ ਰਹੇ ਹਨ । ਉਨਾਂ ਦੀ ਮੌਤ 'ਤੇ ਇਲਾਕੇ ਭਰ ਦੀਆਂ ਰਾਜਨੀਤਿਰ ਪਾਰਟੀਆਂ ਦੇ ਆਗੂਆਂ, ਸਮਾਜ ਸੈਵੀ ਸੰਸਥਾਵਾਂ, ਪ੍ਰੈੱਸ ਕਲੱਬ ਅੱਪਰ ਦਾ ਸਮੂਹ ਅਹੁਦੇਦਾਰਾਂ ਤੇ ਮੈਂਬਰਾ ਤੇ ਇਲਾਕੇ ਭਰ ਦੇ ਪੰਚਾਂ-ਸਰਪੰਚਾਂ ਨੇ ਗਹਿਰੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਪ੍ਰਮਾਤਮਾ ਅੱਗੇ ਅਰਦਾਸ ਕੀਤੀ ਕਿ ਉਹ ਵਿਛੜੀ ਰੂਹ ਨੂੰ ਆਪਣੇ ਚਰਨਾਂ 'ਚ ਨਿਵਾਸ ਦੇਣ ਤੇ ਪਿੱਛੋਂ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ਣ । ਡਾ. ਜੰਗ ਸਿੰਘ ਨਮਿਤ ਪਾਠ ਦਾ ਭੋਗ 'ਤੇ ਅੰਤਿਮ ਅਰਦਾਸ ਮਿਤੀ 25 ਜਨਵਰੀ ਦਿਨ ਐਤਵਾਰ ਨੂੰ ਪਿੰਡ ਛੋਕਰਾਂ (ਨੇੜੇ ਅੱਪਰਾ) ਵਿਖੇ ਸਥਿਤ ਗੁਰਦੁਆਰਾ ਸਿੰਘ ਸਭਾ ਛੋਕਰਾਂ ਵਿਖੇ ਦੁਪਹਿਰ 12 ਵਜੇ ਤੋਂ ਲੈ ਕੇ 1 ਵਜੇ ਤੱਕ ਹੋਵੇਗੀ ।

# ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਬਲਾਚੌਰ ਵੱਲੋਂ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦਾ 649ਵਾਂ ਪ੍ਰਕਾਸ਼ ਪੁਰਬ ਸ਼ਰਧਾ ਨਾਲ ਮਨਾਇਆ ਗਿਆ





**ਬਲਾਚੌਰ (ਜਤਿੰਦਰ ਪਾਲ ਸਿੰਘ ਕਲੇਰ )**ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਰਜਿ. 295 ਬਲਾਕ ਬਲਾਚੌਰ ਦੀ ਮਾਸਕ ਮੀਟਿੰਗ ਸਥਾਨਕ ਸ਼ਿਵਾਲਿਕ ਹੋਟਲ ਵਿਖੇ ਬਲਾਕ ਪ੍ਰਧਾਨ ਡਾ ਤਜਿੰਦਰ ਸਿੰਘ ਜੋਤ ਦੀ ਪ੍ਰਧਾਨਗੀ ਹੇਠ ਸੰਪੰਨ ਹੋਈ। ਇਸ ਮੀਟਿੰਗ ਦੀ ਖ਼ਾਸ ਗੱਲ ਇਹ ਰਹੀ ਕਿ ਸਮੂਹ ਮੈਂਬਰਾਂ ਵੱਲੋਂ ' ਰਹਿਬਰ-ਏ-ਕੌਮ 'ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦਾ 649ਵਾਂ ਜਨਮ ਦਿਹਾੜਾ ਲੱਡੂ ਵੰਡ ਕੇ ਬਹੁਤ ਹੀ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਗਿਆ।ਮੀਟਿੰਗ ਨੂੰ ਸੰਬੋਧਨ ਕਰਦਿਆਂ ਡਾ. ਮਨੋਹਰ ਲਾਲਟਕਾਰਲਾ ਨੇ ਸ੍ਰੀ ਗੁਰੂ ਰਵਿਦਾਸ ਜੀ ਦੇ ਜੀਵਨ ਅਤੇ ਉਨ੍ਹਾਂ ਦੀਆਂ ਸਿੱਖਿਆਵਾਂ ਬਾਰੇ ਅਨੇਕਾਂ ਸਾਖੀਆਂ ਸੁਣਾਈਆਂ। "ਮਨ ਚੰਗਾ ਤਾਂ ਕਠੌਤੀ ਵਿੱਚ ਗੰਗਾ" ਗੁਰੂ ਜੀ ਨੇ ਬੜੀ ਨਿਮ-ਰਤਾ ਨਾਲ ਕਿਹਾ, "ਪੰਡਿਤ ਜੀ, ਮੈਂ ਕਿਸੇ ਨੂੰ ਅੱਜ ਜੁੱਤੀਆਂ ਬਣਾ ਕੇ ਦੇਣ ਦਾ ਬਚਨ ਦਿੱਤਾ ਹੈ। ਜੇ ਮੈਂ ਇਸ਼ਨਾਨ ਕਰਨ ਚਲਾ ਗਿਆ ਤਾਂ ਮੇਰਾ ਬਚਨ ਟੁੱਟ ਜਾਵੇਗਾ ਅਤੇ ਮੇਰਾ ਮਨ ਕੰਮ ਵਿੱਚ ਹੀ ਲੱਗਿਆ ਰਹੇਗਾ। ਜੇ ਮਨ ਸ਼ੁੱਧ ਨਹੀਂ, ਤਾਂ ਗੰਗਾ ਇਸ਼ਨਾਨ ਦਾ ਕੀ ਫਾਇਦਾ?"ਉਨ੍ਹਾਂ ਕਿਹਾ ਕਿ ਜੇਕਰ ਅਸੀਂ ਗੁਰੂ ਜੀ ਦੇ ਦੱਸੇ ਮਾਰਗ ਨੂੰ ਆਪਣੇ ਜੀਵਨ ਵਿੱਚ ਧਾਰਨ ਕਰ ਲਈਏ, ਤਾਂ ਅਸੀਂ ਆਪਣਾ ਜੀਵਨ ਸਫਲ ਕਰਨ ਦੇ ਨਾਲ-ਨਾਲ ਆਪਣੇ ਬੱਚਿਆਂ ਨੂੰ ਵੀ ਸਹੀ ਦਿਸ਼ਾ ਦੇ ਸਕਦੇ ਹਾਂ।ਇਸ ਮੌਕੇ ਉਪ ਸੂਬਾ ਪ੍ਰਧਾਨ ਡਾ ਦਿਲਦਾਰ ਸਿੰਘ ਚਾਹਲ ਸਿੰਘ ਵਿਸ਼ੇਸ਼ ਤੌਰ 'ਤੇ ਪਹੁੰਚੇ। ਉਨ੍ਹਾਂ ਚੱਲ ਰਹੇ 'ਟਰੈਫਿਕ ਮਹੀਨੇ' ਦੇ ਸਬੰਧ ਵਿੱਚ ਬੋਲਦਿਆਂ ਟਰੈਫਿਕ ਨਿਯਮਾਂ ਬਾਰੇ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ ਅਤੇ ਅਪੀਲ ਕੀਤੀ ਕਿ ਡਾ ਖ਼ੁਦ ਅਤੇ ਆਪਣੇ ਪਰਿਵਾਰਾਂ ਨੂੰ ਇਨ੍ਹਾਂ ਨਿਯਮਾਂ ਪ੍ਰਤੀ ਜਾਗਰੂਕ ਕਰਨ। ਸਮੂਹ ਮੈਂਬਰਾਂ ਨੂੰ ਅਪੀਲ ਕੀਤੀ ਕਿ ਉਹ ਹਰ ਮਹੀਨੇ ਮੀਟਿੰਗਾਂ ਵਿੱਚ ਸਮੇਂ ਸਿਰ ਹਾਜ਼ਰ ਹੋਣ ਅਤੇ ਆਪਣਾ ਡਾਕਟਰੀ ਕੰਮ ਪੂਰੀ ਇਮਾਨਦਾਰੀ ਅਤੇ ਸਾਫ਼-ਸੁਥਰੇ ਤਰੀਕੇ ਨਾਲ ਕਰਨ।ਮੀਟਿੰਗ ਵਿੱਚ ਸੂਰੀ ਹਸਪਤਾਲ ਤੋਂ ਡਾ ਭੁਪਿੰਦਰ ਸਿੰਘ ਸੂਰੀ ਅਤੇ ਅਮਨਦੀਪ ਸੂਰੀ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਡਾਕਟਰ ਗਿਆਨ ਸਿੰਘ ਜਨਰਲ ਸਕੱਤਰ ਨੇ ਆਏ ਮਹਿਮਾਨਾਂ ਦਾ ਸਵਾਗਤ ਕੀਤਾ ਅਤੇ ਧੰਨਵਾਦ ਕੀਤਾ ਇਸ ਮੌਕੇਡਾ ਜਸਪਾਲ ਸ਼ਰਮਾ ਜ਼ਿਲਾ ਕਮੇਟੀ ਮੈਂਬਰ ਉਪ ਪ੍ਰਧਾਨ ਡਾ ਪਿੰਕਾ ਸੀਨੀਅਰ ਉਪ ਪ੍ਰਧਾਨ ਡਾ ਬਲਵੰਤ ਸਿੰਘ ਡਾ ਗਿਆਨ ਸਿੰਘ ਮੰਡੇਰ, ਡਾ ਹਰਜਿੰਦਰ ਸਿੰਘ, ਡਾ ਅਮਰੀਕ, ਡਾ ਅੰਗਰੇਜ਼, ਡਾ ਬਲਦੇਵ ਸਿੰਘ, ਡਾ ਬਹਾਦਰ ਸਿੰਘ, ਡਾ ਪਿੰਕਾ, ਡਾ ਹਰਭਜਨ, ਡਾ ਪ੍ਰੇਮ ਸਿੰਘ, ਡਾ ਸੁਭਾਸ਼,ਡਾ ਅੰਜੂ ਬਾਲਾ,ਡਾ ਰਜਵਿੰਦਰ ਕੌਰ, ਡਾ ਬਲਵੰਤ, ਡਾ ਚਰਨਜੀਤ,ਡਾ ਦਵਿੰਦਰ, ਡਾ ਦੀਪਕ, ਡਾ ਹਰਦੀਪ, ਡਾ ਗੁਰਪ੍ਰੀਤ, ਡਾ ਹਰਪ੍ਰੀਤ ਸਿੰਘ, ਡਾ ਸੁੱਚਾ ਸਿੰਘ, , ਡਾ ਸ਼ਮਸ਼ੇਰ ਸਿੰਘ ਡਾ ਸਾਹਿਲ, ਡਾ ਜਸਵੀਰ ਸਿੰਘ, ਡਾ ਨਰੇਸ਼, ਵੱਡੀ ਗਿਣਤੀ ਵਿੱਚ ਐਸੋਸੀਏਸ਼ਨ ਦੇ ਮੈਂਬਰ ਹਾਜ਼ਰ ਸਨ, ਜਿਨ੍ਹਾਂ ਨੇ ਮਾਨਵਤਾ ਦੀ ਸੇਵਾ ਦਾ ਪ੍ਰਣ ਲਿਆ।

# ਬਸਪਾ ਦੀ ਪੰਜਾਬ ਸੰਭਾਲੋ ਮਹਿਮ ਗੌਰਵ ਸ਼ੈਲੀ ਪੰਜਾਬ ਬਣਾਉਣ ਲਈ ਯਤਨਸ਼ੀਲ: ਕਰੀਮਪੁਰੀ

**ਰੋਪੜ (ਚਰਨਜੀਤ ਸੱਲ੍ਹਾਂ )** ਬਹੁਜਨ ਸਮਾਜ ਪਾਰਟੀ ਦੇ ਸੂਬਾ ਪ੍ਰਧਾਨ ਅਤੇ ਕੇਂਦਰੀ ਇੰਚਾਰਜ ਚੰਡੀਗੜ੍ਹ, ਸਾਬਕਾ ਮੈਂਬਰ ਪਾਰਲੀਮੈਂਟ ਡਾਕਟਰ ਅਵਤਾਰ ਸਿੰਘ ਕਰੀਮਪੁਰੀ ਜੀ ਵੱਲੋਂ ਅੱਜ ਇੱਕ ਅਹਿਮ ਐਲਾਨ ਕਰਦਿਆਂ "ਪੰਜਾਬ ਸੰਭਾਲੋ ਮਹਿਮ" ਨੂੰ ਜਿਲਾ ਰੋਪੜ ਦੇ ਹਰ ਪਿੰਡ ਅਤੇ ਸ਼ਹਿਰ ਤੱਕ ਲਿਜਾਣ ਲਈ ਵਿਸ਼ੇਸ਼ ਰਣਨੀਤੀ ਸਾਂਝੀ ਕੀਤੀ ਗਈ। ਪੰਜਾਬ ਦੀਆਂ ਮੌਜੂਦਾ ਚੁਨੌਤੀਆਂ ਅਤੇ ਲੋਕਾਂ ਦੇ ਭਖਦੇ ਮੁੱਦਿਆਂ 'ਤੇ ਵਿਚਾਰ ਕਰਨ ਲਈ ਪਾਰਟੀ ਵੱਲੋਂ "ਚਾਹ ਤੇ ਚਰਚਾ" ਪ੍ਰੋਗਰਾਮ ਦੀ ਸ਼ੁਰੂਆਤ ਕੀਤੀ ਹੋਈ

ਡਾ. ਕਰੀਮਪੁਰੀ ਨੇ ਦੱਸਿਆ ਕਿ ਰੋਪੜ ਜ਼ਿਲ੍ਹੇ ਵਿੱਚ ਇਸ ਮੁਹਿੰਮ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਜ਼ਿਲ੍ਹੇ ਵਿੱਚੋਂ ਪਾਰਟੀ ਦੀ ਸੀਨੀਅਰ ਅਤੇ ਤਜ਼ਰਬੇਕਾਰ ਲੀਡਰਸ਼ਿਪ ਦੀ ਵਿਸ਼ੇਸ਼ ਤੌਰ 'ਤੇ ਡਿਊਟੀ ਲਗਾਈ ਗਈ ਹੈ। ਇਹ ਟੀਮ ਸਥਾਨਕ ਲੀਡਰਸ਼ਿਪ ਨਾਲ ਮਿਲ ਕੇ ਪਿੰਡ-ਪਿੰਡ ਜਾ ਕੇ ਲੋਕਾਂ ਨੂੰ ਪੰਜਾਬ ਸੰਭਾਲੋ ਮਹਿਮ ਨਾਲ ਜੋੜਨ ਲਈ ਕੰਮ ਕਰੇਗੀ।

ਪੰਜਾਬ ਦੀਆਂ ਚੁਨੌਤੀਆਂ: ਇਸ ਮੁਹਿੰਮ ਦੌਰਾਨ ਪੰਜਾਬ ਦੇ ਮੌਜੂਦਾ ਹਾਲਾਤ, ਜਿਵੇਂ ਕਿ ਵਧ ਰਹੀ ਬੇਰੁਜ਼ਗਾਰੀ, ਨਸ਼ਿਆਂ ਦਾ ਪ੍ਰਕੋਪ, ਡਿਗ ਰਹੀ ਅਮਨ-ਕਾਨੂੰਨ ਦੀ ਸਥਿਤੀ, ਕਰਮਚਾਰੀਆਂ ਦਾ 16% ਧਅ, ਪੰਜਾਬ ਦੀ ਹਰ ਧੀ ਦਾ ਚਾਰ ਸਾਲਾਂ ਦਾ 48 ਹਜਾਰ ਸਰਕਾਰ ਦੇ ਸਿਰ ਕਰਜਾ ਅਤੇ ਦਲਿਤਾਂ ਤੇ ਪਛੜੇ ਵਰਗਾਂ ਦੇ ਹੱਕਾਂ ਦੀ ਰਾਖੀ ਵਰਗੇ ਗੰਭੀਰ ਮੁੱਦਿਆਂ 'ਤੇ ਚਰਚਾ ਕੀਤੀ ਜਾਵੇਗੀ।



ਚਾਹ ਤੇ ਚਰਚਾ: ਪਾਰਟੀ ਵੱਲੋਂ ਪਿੰਡਾਂ ਦੀਆਂ ਸੱਥਾਂ ਅਤੇ ਸ਼ਹਿਰਾਂ ਦੇ ਮੁਹੱਲਿਆਂ ਵਿੱਚ "ਚਾਹ ਤੇ ਚਰਚਾ" ਪ੍ਰੋਗਰਾਮ ਉਲੀਕੇ ਗਏ ਹਨ, ਤਾਂ ਜੋ ਆਮ ਲੋਕਾਂ ਨਾਲ ਸਿੱਧਾ ਸੰਵਾਦ ਸਥਾਪਿਤ ਕਰਕੇ ਉਨ੍ਹਾਂ ਦੀਆਂ ਮੁਸ਼ਕਲਾਂ ਨੂੰ ਸਮਝਿਆ ਜਾ ਸਕੇ ਅਤੇ ਬਸਪਾ ਦੀਆਂ ਨੀਤੀਆਂ ਤੋਂ ਜਾਣੂ ਕਰਵਾਇਆ ਜਾ ਸਕੇ ਡਾ. ਕਰੀਮਪੁਰੀ ਨੇ ਜ਼ਿਲ੍ਹਾ ਰੋਪੜ ਦੀ ਸਮੁੱਚੀ ਲੀਡਰਸ਼ਿਪ ਨੂੰ ਅਪੀਲ ਕੀਤੀ ਹੈ ਕਿ ਉਹ ਇੱਕਜੁੱਟ ਹੋ ਕੇ ਇਸ ਮੁਹਿੰਮ ਨੂੰ ਸਫਲ ਬਣਾਉਣ ਲਈ ਦਿਨ-ਰਾਤ ਇੱਕ ਕਰ ਦੇਣ ਤਾਂ ਜੋ ਪੰਜਾਬ ਨੂੰ ਮੁੜ ਖੁਸ਼ਹਾਲੀ ਦੇ ਰਾਹ 'ਤੇ ਪਾਇਆ ਜਾ ਸਕੇ, ਪੰਜਾਬ ਦੇ ਮਜ਼ਦੂਰ ਅਤੇ ਕਿਸਾਨ ਨੂੰ ਸੰਕਟ ਚੋਂ ਕੱਢਿਆ ਜਾ ਸਕੇ।

ਡਾਕਟਰ ਅਵਤਾਰ ਸਿੰਘ ਕਰੀਮਪੁਰੀ ਨੇ ਅਖੀਰ ਵਿੱਚ ਕਿਹਾ ਕਿ ਬਹੁਜਨ ਸਮਾਜ ਪਾਰਟੀ ਪੰਜਾਬ ਦੇ ਹਿੱਤਾਂ ਲਈ ਹਮੇਸ਼ਾ ਤਤਪਰ ਹੈ ਅਤੇ "ਪੰਜਾਬ ਸੰਭਾਲੋ ਮਹਿਮ" ਸੂਬੇ ਦੀ ਰਾਜਨੀਤੀ ਵਿੱਚ ਇੱਕ ਨਵਾਂ ਮੋੜ ਸਾਬਿਤ ਹੋਵੇਗੀ, ਪਰਜਾਪਤੀ ਸ਼੍ਰੀ ਅਜੀਤ ਸਿੰਘ ਭੈਣੀ ਸਟੇਟ ਜੋਨ ਕੁਆਡੀਨੇਟਰ ਕਿਹਾ ਕਿ ਪੰਜਾਬ ਦੀਆਂ ਪਿਛੜੀਆਂ ਸ਼੍ਰੇਣੀਆਂ ਅੱਜ ਵੀ ਆਰਥਿਕ ਅਤੇ ਸਮਾਜਿਕ ਖੇਤਰ ਪਛੜੀਆਂ ਹੋਈਆਂ ਇਸ ਕਰਕੇ ਦਲਤਾਂ ਪਛੜਿਆਂ ਨੂੰ ਆਪਸੀ ਭਾਈਚਾਰਾ ਬਣਾ ਕੇ ਪੰਜਾਬ ਸੰਭਾਲੋ ਮਹਿਮ ਦੇ ਨਾਲ ਚੱਟਣਾ ਚਾਹੀਦਾ ਹੈ ਕਿ ਪੰਜਾਬ ਅਤੇ ਪੰਜਾਬੀਆਂ ਦੀ ਤਕਦੀਰ ਨੂੰ ਬਦਲਿਆ ਜਾ ਸਕੇ, ਇਸ ਮੌਕੇ ਪਾਰਟੀ ਦੇ ਸਟੇਟ ਜਨਰਲ ਸੈਕਟਰੀ ਸਰਦਾਰ ਰਾਜਿੰਦਰ ਸਿੰਘ ਨਨਹੇੜੀਆਂ ਜਿਨਾਂ ਨੇ ਪਾਰਟੀ ਦੀ ਮਜਬੂਤੀ ਲਈ ਵਰਕਰਾਂ ਨੂੰ ਮਜਬੂਤੀ ਨਾਲ ਅੱਗੇ ਵਧਣ ਦਾ ਸੱਦਾ ਦਿੱਤਾ, ਇਸ ਮੌਕੇ ਪਾਰਟੀ ਦੇ ਜ਼ਿਲ੍ਹਾ ਪ੍ਰਧਾਨ ਸਰਦੂਲ ਸਿੰਘ, ਜਿਲਾਂ ਇੰਚਾਰਜ ਕੁਲਦੀਪ ਸਿੰਘ ਐਡਵੋਕੇ ਚਰਨਜੀਤ ਸਿੰਘ Ghia ਤੋਂ ਇਲਾਵਾ ਹੋਰ ਪਾਰਟੀ ਦੇ ਜਿੰਮੇਵਾਰ ਲੀਡਰਸ਼ਿਪ ਹਾਜ਼ਰ ਸਨ।

# ਸਿਹਤ ਵਿਭਾਗ ਦੇ ਮਲਟੀਪਰਪਜ਼ ਕੇਡਰ ਵੱਲੋਂ ਗਣਤੰਤਰ ਦਿਵਸ 'ਤੇ ਸਰਕਾਰ ਨੂੰ ਯਾਦ ਪੱਤਰ ਸੌਂਪਣ ਦਾ ਫੈਸਲਾ



**ਖਿਆਲਾ ਕਲਾਂ ਵਿਖੇ ਜਾਣਕਾਰੀ ਦਿੰਦਿਆਂ ਮਲਟੀਪਰਪਜ ਹੈਲਥ ਇੰਪਲਾਈਜ ਯੂਨੀਅਨ ਮੇਲ ਫੀਮੇਲ ਦੇ ਆਗੂ।**

**ਮਾਨਸਾ (ਚਾਨਣਦੀਪ ਸਿੰਘ ਔਲਖ)** ਸਿਹਤ ਵਿਭਾਗ ਦੇ ਮੁਲਾਜ਼ਮਾਂ ਦੀ ਪ੍ਰਮੁੱਖ ਜਥੇਬੰਦੀ 'ਮਲਟੀਪਰਪਜ਼ ਹੈਲਥ ਇੰਪਲਾਈਜ਼ ਮੇਲ-ਫੀਮੇਲ ਯੂਨੀਅਨ ਪੰਜਾਬ' ਵੱਲੋਂ ਆਪਣੀਆਂ ਲੰਮੇ ਸਮੇਂ ਤੋਂ ਲਟਕਦੀਆਂ ਮੰਗਾਂ ਦੇ ਹੱਲ ਲਈ ਗਣਤੰਤਰ ਦਿਵਸ ਮੌਕੇ ਸੂਬਾ ਪੱਧਰੀ ਰੋਸ ਪ੍ਰਗਟਾਉਣ ਦਾ ਫੈਸਲਾ ਕੀਤਾ ਗਿਆ ਹੈ। ਯੂਨੀਅਨ ਦੇ ਸੂਬਾਈ ਕਨਵੀਨਰ ਗੁਰਪ੍ਰੀਤ ਸਿੰਘ ਮੰਗਵਾਲ ਦੀ ਅਗਵਾਈ ਹੇਠ ਜ਼ਿਲ੍ਹਾ ਮਾਨਸਾ ਦੇ ਪ੍ਰਧਾਨ ਮਲਕੀਤ ਸਿੰਘ ਖਿਆਲਾ, ਜਨਰਲ ਸਕੱਤਰ ਹਰਪ੍ਰੀਤ ਸਿੰਘ ਬੱਪੀਆਣਾ ਅਤੇ ਰਾਜਵੀਰ ਕੌਰ ਨੇ ਦੱਸਿਆ ਕਿ 26 ਜਨਵਰੀ ਨੂੰ ਵੱਖ-ਵੱਖ ਜ਼ਿਲ੍ਹਿਆਂ ਵਿੱਚ ਝੰਡਾ ਲਹਿਰਾਉਣ ਪਹੁੰਚ ਰਹੇ ਮੁੱਖ ਮੰਤਰੀ ਅਤੇ ਕੈਬਨਿਟ ਮੰਤਰੀਆਂ ਨੂੰ ਯਾਦ-ਪੱਤਰ ਦਿੱਤੇ ਜਾਣਗੇ। ਆਗੂਆਂ ਨੇ ਦੱਸਿਆ ਕਿ ਮਲਟੀਪਰਪਜ਼ ਕੇਡਰ ਦੀਆਂ ਮੁੱਖ ਮੰਗਾਂ, ਜਿਵੇਂ ਕਿ ਕੇਡਰ ਦਾ ਨਾਮ ਬਿਨਾਂ ਕਿਸੇ ਵਿੱਤੀ ਲਾਭ ਦੇ ਬਦਲਣਾ, ਸਤੰਬਰ 2021 ਤੋਂ ਰੋਕੇ ਗਏ ਭੱਤੇ ਬਹਾਲ ਕਰਨਾ, ਕੇਂਦਰੀ ਸਕੇਲ ਅਧੀਨ ਮੁਲਾਜ਼ਮਾਂ 'ਤੇ ਪੰਜਾਬ ਦੇ ਸਕੇਲ ਲਾਗੂ ਕਰਨਾ ਅਤੇ ਹਾਈਕੋਰਟ ਦੇ ਫੈਸਲਿਆਂ ਮੁਤਾ-ਬਕ 'ਬਰਾਬਰ ਕੰਮ ਬਰਾਬਰ ਤਨਖਾਹ' ਦਾ ਨਿਯਮ ਲਾਗੂ ਕਰਨਾ ਸ਼ਾਮਲ ਹਨ। ਇਸ ਤੋਂ ਇਲਾਵਾ ਮੁਲਾਜ਼ਮਾਂ ਦੀਆਂ ਪਦ-ਉਨਤੀਆਂ ਸਮਾਂਬੱਧ ਕਰਨ ਅਤੇ ਸੀਨੀਅਰਤਾ ਸੂਚੀਆਂ ਨੂੰ ਸੋਧਣ ਦੀ ਮੰਗ ਵੀ ਜ਼ੋਰ-ਸ਼ੋਰ ਨਾਲ ਉਠਾਈ ਗਈ ਹੈ। ਯੂਨੀਅਨ ਨੇ ਚੇਤਾਵਨੀ ਦਿੱਤੀ ਹੈ ਕਿ ਜੇਕਰ ਪੰਜਾਬ ਸਰਕਾਰ ਨੇ ਜਲਦ ਹੀ ਇਨ੍ਹਾਂ ਜਾਇਜ਼ ਮੰਗਾਂ ਦਾ ਨਿਪਟਾਰਾ ਨਾ ਕੀਤਾ, ਤਾਂ ਆਉਣ ਵਾਲੇ ਦਿਨਾਂ ਵਿੱਚ ਸੰਘਰਸ਼ ਨੂੰ ਹੋਰ ਤਿੱਖਾ ਕੀਤਾ ਜਾਵੇਗਾ। ਇਸ ਮੌਕੇ ਜਗਦੀਸ਼ ਸਿੰਘ, ਅਵਤਾਰ ਸਿੰਘ, ਤਲਵਿੰਦਰ ਸਿੰਘ, ਚਰਨਜੀਤ ਕੌਰ, ਹਰਜੀਤ ਕੌਰ, ਸੁਖਵਿੰਦਰ ਕੌਰ, ਅਮਨਦੀਪ ਕੌਰ, ਰਾਜਪਾਲ ਕੌਰ ਤੇ ਇਲਾਵਾ ਜਥੇਬੰਦੀ ਦੇ ਹੋਰ ਕਈ ਸਥਾਨਕ ਆਗੂ ਵੀ ਮੌਜੂਦ ਸਨ।

# ਮਨ ਦੀ ਭਾਵਨਾ: ਬੀਬਾ ਬਲਜੀਤ ਬੱਲ ਵੱਲੋਂ,ਮੇਰੀ ਕਾਵਿ ਪੁਸਤਕ 'ਮਨ ਦੀ ਪ੍ਰਿਜ਼ਮ' ਬਾਰੇ ਇੱਕ ਬਹੁਤ ਹੀ ਸੰਖਿਪਤ ਭਾਵਪੂਰਨ ਸਾਹਿਤਕ ਮੁਲਾਂਕਣ ਪ੍ਰਾਪਤ ਹੋਇਆਂ ਹੈ,ਜਿਸ ਨੂੰ ਮੈਂ ਕੁੱਜੇ 'ਚ ਸਮੁੰਦਰ ਬੰਦ ਕੀਤਾ ਸਮਝਦਾ ਹਾਂ।ਮੇਰੇ ਵੱਲੋਂ ਪਿਆਰ ਸਹਿਤ ਸ਼ੁਕਰੀਆ।




**ਸੁਹਿਰਦ ਮਿੱਤਰਾਂ ਲਈ,ਕਾਪੀ ਹਾਜ਼ਰ ਹੈ।**

ਸੁਰਜੀਤ ਭੁੱਲਰ ਅੰਕਲ ਹੋਰਾਂ ਦੀਆਂ ਕਵਿਤਾਵਾਂ ਪੜ੍ਹਦਿਆਂ ਮਨ ਅੰਦਰਲਾ ਕਵੀ ਵਿਆਕੁਲ ਹੋ ਜਾਂਦਾ। ਉਹਨਾਂ ਦਾ ਅਕਸਰ ਸੁਨੇ-ਹਾ ਵੀ ਮਿਲ ਜਾਂਦਾ ਹੈ। ਸ਼ਾਬਾਸ਼ੀ ਵੀ, ਹੌਸਲਾ ਵਧਾਉਦੀ ਹੈ। ਜਦੋਂ ਕੋਈ ਇਹ ਕਹੇ, "ਕੁੜੀਏ, ਸੋਚਦਾ ਹਾਂ ਤੇਰੀ ਕਵਿਤਾ ਐਨੀ ਡੂੰਘੀ ਕਿਓਂ ਹੈ... ਲਿਖਦੀ ਰਹੂ ' ਸੱਚੀਂ ਮੇਰੀ ਕਲਮ ਦੇ.. ਅਹਿਸਾਸ ਮੇਰੇ ਅੰਦਰ ਖੋਰੂ ਪਾਉਂਦੇ ਨੇ..

ਪੜ੍ਹ ਰਹੀ ਸੀ.. ਮਨ ਦਾ ਪ੍ਰਿਜ਼ਮ ਸੁਰਜੀਤ ਅੰਕਲ ਦੀ ਕਵਿਤਾਵਾਂ ਦੀ ਕਿਤਾਬ.. ਪ੍ਰਿਜ਼ਮ ਸਪੈਕਟਰਾਮ.. ਇਸਦੀਆਂ ਭੁਜਾਵਾਂ.. ਮਿਲਦੇ ਤਿਕੋਣ.. ਸਾਰੇ ਰੂਪਾਂ ਦਾ ਵਿਸ਼ਲੇਸ਼ਣ.. ਸਤਰੰਗ.. ਜ਼ਿੰਦਗੀ ਦੇ ਪੜਾਅ.... ਸੰਜੀਦਗੀ ਨਾਲ ਜਿਉਣ ਦੇ ਨਵੇਂ ਅਰਥ...

ਦਿਲ ਤੇਰਾ ਵੀ ਧੜਕਦਾ ਹੈ..
ਦਿਲ ਮੇਰਾ ਵੀ ਧੜਕਦਾ ਹੈ..
ਹੋ ਸਕਦੇ ਤੇਰੇ ਲਈ ਇਹ ਧੜਕਣਾ
ਦੂਰੀਆਂ ਤੇ ਹੋਣ..
ਮੇਰੇ ਲਈ ਦਿਲ ਦੀ ਚਾਹਤ ਦਾ



ਜਜ਼ਬਾ...
ਡੂੰਘੀ ਚੁੱਪ ਅੰਤਰ ਮਨ ਗੁਫਤਗੂ..
ਗਹਿਰਾਈ ਦਾ ਸਮੁੰਦਰ, ਅਣਜਾਣ ਬੱਦਲਾਂ ਦੀ ਬਾਤ, ਸਵੇਦਨਸ਼ੀਲ ਮਨੁੱਖ ਹੀ ਕਰ ਸਕਦਾ ਹੈ....

**ਸਿੱਖਣ ਦੀ ਤਾਘ ਵਿੱਚ**
**ਬਲਜੀਤ ਬੱਲ**

# ਪਰਿਵਾਰਕ ਰਿਸ਼ਤਿਆਂ ਦੀ ਮਹੱਤਤਾ ਨੂੰ ਦਰਸਾਉਣ ਵਾਲਾ ਪੰਜਾਬੀ ਲੋਕ ਗਾਇਕ:-ਗੁਰਦਿਆਲ ਨਿਰਮਾਣ

ਗੁਰਦਿਆਲ ਨਿਰਮਾਣ ਸੁਣ ਨੂੰ ਭਾਵੇਂ ਆਮ ਤੇ ਅਜ਼ੀਬ ਜਿਹਾ ਲੱਗਦਾ ਹੋਵ-ਗਾ ਪਰ ਇਹ ਪੁਰਾਤਨ ਗਾਇਕੀ ਦੇ ਸੁਨਹਿਰੀ ਅਰਫਾਂ ਵਿਚ ਲਿਖਿਆ ਹੋਇਆ ਉਹ ਨਾਂ ਹੈ ਜਿਸ ਨੇ ਆਪਣੀ ਕਲਾ ਦੇ ਨਾਲ ਸੱਭਿਆਚਾਰ ਦੇ ਵਿਹੜੇ ਨੂੰ ਅਜਿਹਾ ਰੁਸ਼ਨਾਇਆ ਕਿ ਇਸਦੇ ਨਾਂ ਦੀ ਲਿਸ਼ਕ ਅੱਜ ਵੀ ਦੂਰ ਦਰਾਡੇ ਤੱਕ ਨਜ਼ਰ ਆਉਂਦੀ ਹੈ। ਖੁੱਲ੍ਹੇ ਅਖਾੜਿਆਂ ਤੇ ਰਿਕਾਰਡਿੰਗ ਦੇ ਦੌਰ ਸਮੇਂ ਸਿਰਕੱਢਵੇ ਗਵੱਈਆ ਵਿਚ ਆਪਣੇ ਨਾਂ ਦੀ ਪਹਿਚਾਣ ਸਥਾਪਿਤ ਕਰਨ ਵਾਲੇ ਗੁਰਦਿਆਲ ਨਿਰਮਾਣ ਦਾ ਜਨਮ ਧੂਰੀ ਦੇ ਨੇੜਲੇ ਪਿੰਡ ਜਖ਼ਲਾਂ ਵਿਚ 1936 ਨੂੰ ਹੋਇਆ। ਪਿੰਡੋਂ ਹੀ ਮੁੱਢਲੀ ਪੜ੍ਹਾਈ ਦਾ ਸਫ਼ਰ ਸ਼ੁਰੂ ਕਰ ਸੰਗਰੂਰ ਦੇ ਰਣਬੀਰ ਕਾਲਜ ਤੋਂ ਐਫ.ਸੀ.ਏ ਤੇ ਗਿਆਨੀ ਦੀ ਪੜ੍ਹਾਈ ਕਰਕੇ ਆਪਣੀ ਸਿਰੜਤਾ ਤੇ ਮਿਹਨਤ ਦਾ ਸਬੂਤ ਦਿੱਤਾ। ਜਵਾਨ ਅਵਸਥਾ ਵਿਚ ਰੇਡੀਓ ਤੇ ਵੱਜਣ ਵਾਲੀਆਂ ਸੁਰੀਲੀਆਂ ਆਵਾਜ਼ਾਂ ਨੇ ਇਸਦੇ ਚੰਚਲ ਸ਼ੋਖ ਮਨ ਨੂੰ ਅਜਿਹਾ ਪ੍ਰਭਾਵਿਤ ਕੀਤਾ ਕਿ ਪ੍ਰਗਟਿਆ ਸ਼ੌਕ ਖੂਨ ਦੇ ਜ਼ਰੀਏ ਨਸ ਨਸ ਵਿਚ ਵਹਿਣ ਲੱਗਾ ਤੇ ਹੌਲੀ ਹੌਲੀ ਉਹ ਇਸ ਰਾਹੇ ਤੁਰਨ ਲੱਗਾ। ਭਾਵੇਂ ਨਿਰਮਾਣ





ਸਾਬ੍ਹ ਨੇ ਰਸਮੀ ਤੌਰ ਤੇ ਕੋਈ ਉਸਤਾਦੀ ਸ਼ਾਗਿਰਦੀ ਨਹੀਂ ਕੀਤੀ ਪਰ ਫਿਰ ਉਸਨੇ ਖ਼ੁਦਾ ਦੀ ਬਖਸ਼ੀ ਹੋਈ ਸੋਝੀ ਮੁਤਾਬਿਕ ਸੁਰਾਂ ਦੀਆਂ ਸਰਗਮਾਂ ਨੂੰ ਛੇੜ ਕੇ ਆਪਣੇ ਨਾਂ ਦੀ ਪੱਕੀ ਮੋਹਰ ਲਗਵਾਈ। ਸ਼ੁਰੂਆਤੀ ਦੇ ਦਿਨਾਂ ਚ ਇਸਨੇ ਅਖਾੜਿਆਂ ਦੇ ਜ਼ਰੀਏ ਆਪਣੀ ਗਾਇਕੀ ਦਾ ਆਗ਼ਾਜ਼ ਕੀਤਾ ਤੇ ਧੂਰੀ ਚ ਪੈਂਦੇ ਪਿੰਡ ਮੀਮਸੇ ਦੇ ਲੱਗਣ ਵਾਲੇ ਭਰਵੇਂ ਮੇਲੇ ਵਿਚ ਇੱਕ ਦਿਨ ਵਿੱਚ ਦੋ ਅਤੇ ਜੂਨ 1974 ਵਿਚ ਇਸਨੇ ਪਿੰਡ ਕੋਟੜਾ, ਸ਼ੇਰੋਂ, ਭਲਵਾਨ ਤੇ ਸੰਗਰੂਰ ਸ਼ਹਿਰ ਵਿਚ ਇਕੋਂ ਦਿਨ ਚਾਰ ਅਖਾੜੇ ਲਾ ਕੇ ਆਪਣੇ ਨਾਂ ਦੀ ਵੱਖਰੀ ਮਿਸਾਲ ਕਾਇਮ ਕੀਤੀ। ਅਖਾੜਿਆਂ ਦੇ ਬਾਦਸ਼ਾਹ ਇਸ ਕਲਾਕਾਰ ਨੇ 1970 ਵਿਚ ਗੀਤਕਾਰੀ ਦੇ ਭੀਸ਼ਮ ਪਿਤਾਮਾ "ਗੁਰਦੇਵ ਸਿੰਘ ਮਾਨ" ਜੀ ਦੇ ਅਸ਼ੀਰਵਾਦ ਸਦਕਾ ਨਰਿੰਦਰ ਬੀਬਾ ਜੀ ਦੇ ਨਾਲ ਚਤਰ ਸਿੰਘ ਪਰਵਾਨਾ ਦਾ ਲਿਖਿਆ ਆਪਣਾ ਪਹਿਲਾਂ ਦੋਗਾਣਾ " ਪੇਕੇ ਛੱਡਦੇ ਮਹੀਨਾ ਇਕ ਹੋਰ ਮੁੰਡਿਆਂ " ਐਚ.ਐਮ.ਵੀ.ਕੰਪਨੀ ਦੁਆਰਾ ਰਿਕ-ਾਰਡ ਕਰਵਾਕੇ ਬਤੌਰ ਆਪਣੀ ਗਾਇਕੀ ਦਾ ਸਫ਼ਰ ਸ਼ੁਰੂ ਕੀਤਾ,ਇਹ ਦੋਗਾਣਾ ਇੰਨ੍ਹਾਂ ਸੁਪਰਹਿੱਟ ਹੋਇਆ ਉਸਨੇ ਮੁੜ ਪਿੱਛੇ ਨਾ ਦੇਖਦਿਆਂ ਹੋਇਆਂ ਅਨੇਕਾਂ ਹੀ ਹੋਰ ਦੋਗਾਣੇ ਜਿਵੇਂ ਕਿ:- ਇੱਕ ਅਧੀਆ ਹੋਰ, ਜੇਠ ਮੇਰਾ ਮਰ ਗਿਆ ਲੋਕੋਂ, ਖੱਟੀ ਮਿਹਨਤ ਦੀ, ਰਾਣੀ ਦਾ ਰੱਬ ਰੱਖਾਂ,ਕੱਚਰੇ ਵਰਗੀ ਰੰਨ, ਠੇਕੇ ਉੱਤੇ ਜਾਣਾ ਛੱਡਦੇ ਘੁੰਡ ਚੱਕੀ ਨਾ ਗੱਭਰੂਆਂ ਸਾਰਾ,ਬੁੱਢਾ ਹੋ ਗਿਆ ਗੱਡੀਆਂ ਚਲਾਉਂਦਾ, ਹੱਥੋਂ ਪਾਈ ਕਰਿਆ ਨਾਂ ਕਰ , ਤੂੰ ਕੁੜੀ ਫਰੂਟੀ ਵਰਗੀ,ਅਤੇ ਮੌਜਾਂ ਲੈਣਗੇ ਸਾਧ ਦੇ ਚੇਲੇ ਵਰਗੇ ਗੀਤ ਰਿਕਾਰਡ ਕਰਵਾਕੇ ਆਪਣੇ ਨਾਂ ਨੂੰ ਸੁਪਰਪ੍ਰਸਿੱਧ ਗਾਇਕਾਂ ਦੀ ਸੂਚੀ ਵਿਚ ਸ਼ਾਮਲ ਕੀਤਾ। ਨਿਰਮਾਣ ਸਾਬ੍ਹ ਨੇ ਆਪਣੇ 30-35 ਸਾਲਾਂ ਦੇ ਗਾਇਕੀ ਦੇ ਸਫ਼ਰ ਦੌਰਾਨ ਪੰਜਾਬ ਦੀ

ਕੋਇਲ ਸੁਰਿੰਦਰ ਕੌਰ, ਪ੍ਰਕਾਸ਼ ਕੌਰ, ਨਰਿੰਦਰ ਬੀਬਾ,

ਕੁਮਾਰੀ ਸੁਰਿੰਦਰ ਸੋਨੀਆ,ਲਾਜ,ਸਵਰਣ ਲਤਾ, ਗੁਲਸ਼ਨ ਕੋਮਲ,ਹਰਿੰਦਰ ਬੀਬਾ ਤੇ ਜਸਪ੍ਰੀਤ ਵਰਗੀਆਂ ਗਾਇਕਾਵਾਂ ਦੇ ਨਾਲ ਨਾਲ ਪੰਜਾਬ ਦੀਆਂ ਨਾਮਵਰ ਕਲਮਾਂ ਚਤਰ ਸਿੰਘ ਪਰਵਾਨਾ,ਦੇਵ ਥਰੀਕਿਆਂ ਵਾਲਾ, ਬਾਬੂ ਸਿੰਘ ਮਾਨ, ਡਾ. ਗੁਰਮੁਖ ਸਿੰਘ ਗਿੱਲ (ਜੱਬੋ ਮਾਜਰੇ ਵਾਲਾ), ਬਚਨ ਬੇਦਿਲ,ਪਾਲ ਜੇਠੂਕੇ, ਮੂਲ ਚੰਦ ਸ਼ਰਮਾ,ਹਰਨੇਕ ਸੋਹੀ, ਤੇ ਅਜੀਤ ਪ੍ਰਦੇਸੀ ਵਰਗੀਆਂ ਕਲਮਾਂ ਦੇ ਗੀਤ ਗਾਕੇ ਉੱਚਾ ਨਾਮਣਾ ਖੱਟਿਆ। ਇਸ ਲਾਈਨ ਨੂੰ ਅੱਗੇ ਤੋਰਦਿਆਂ ਹੋਇਆਂ ਇਨ੍ਹਾਂ ਦਾ ਲਾਡਲਾ ਸਪੁੱਤਰ ਲਵਲੀ ਨਿਰਮਾਣ ਵੀ ਅਜੋਕੇ ਸਮੇਂ ਦੇ ਸਿਰਮੌਰ ਗਾਇਕਾਂ ਚ ਗਿਣਿਆ ਜਾਣ ਵਾਲਾ ਇੱਕ ਵਿਸ਼ੇਸ਼ ਨਾਂ ਹੈ। ਉਸਨੇ ਵੀ ਅਨੇਕਾਂ ਦਰਜਨਾਂ ਹਿੱਟ ਗੀਤ ਦੇ ਕੇ ਆਪਣੀ ਗਾਇਕੀ ਦਾ ਲੋਹਾ ਮਨਵਾਇਆ ਹੈ। ਰਿਕਾਰਡਾਂ ਦੇ ਯੁੱਗ ਚ ਆਪਣੀ ਗਾਇਕੀ ਦਾ ਨਿਰਮਾਣ ਕਰਨ ਵਾਲਾ ਧੂਰੀ ਦਾ ਗੁਰਦਿਆਲ ਨਿਰਮਾਣ ਅੱਜਕਲ੍ਹ ਪੰਜਾਬੀ ਸਾਹਿਤ ਸਭਾ ਧੂਰੀ ਦੇ ਜਰਨਲ ਸਕੱਤਰ ਅਹੁੱਦੇ ਤੇ ਬਿਰ-ਾਜਮਾਨ ਹੋ ਕੇ ਸਾਹਿਤ ਦੇ ਖੇਤਰ ਵਿਚ ਆਪਣੀਆਂ ਸੇਵਾਵਾਂ ਨਿਭਾ ਰਿਹਾ ਹੈ। ਪ੍ਰਮਾਤਮਾ ਕਰੇ ਆਪਣੇ ਗੀਤਾਂ ਤੇ ਸਾਹਿਤ ਦੇ ਜ਼ਰੀਏ ਰੂਹ ਨੂੰ ਸਕੂਨ ਦੇਣ ਵਾਲੇ ਪਰਿਵਾਰਿਕ ਰਿਸ਼ਤਿਆਂ ਦੀ ਮਹੱਤਤਾ ਨੂੰ ਦਰਸਾਉਣ ਸਾਡਾ ਪੰਜਾਬੀ ਲੋਕ ਗਾਇਕ ਗੁਰਦਿਆਲ ਨਿਰਮਾਣ ਸਰੀਰਕ ਤੰਦਰੁਸਤੀਆ ਹੰਢਾਉਂਦਾ ਹੋਇਆ ਇਸੇ ਤਰ੍ਹਾਂ ਲੰਮੀਆਂ ਉਮਰਾਂ ਮਾਣਦਾ ਰਹੇ।

**ਸਰੂਪ ਸਿੰਘ ਚੌਧਰੀ ਮਾਜਰਾ**
**(ਨਾਭਾ) 99886-27880**

# ਹਰ ਮਨੁੱਖ ਕੋਲ ਕਿਉਂ ਹੈਂ 'ਸਮੇਂ' ਦੀ ਘਾਟ?

ਇੱਕਵੀਂ ਸਦੀ ਦਾ ਯੁੱਗ ਵਿਗਿਆਨ ਅਤੇ ਤਕਨੀਕ ਦਾ ਯੁੱਗ ਹੈ। ਆਧੁਨਿਕ ਯੁੱਗ ਤਕਨੀਕੀ ਵਿਕਾਸ ਅਤੇ ਜੀਵਨ ਦੀ ਵੱਧ ਰਹੀ ਰਫ਼ਤਾਰ ਨਾਲ ਪਰਿਭਾਸ਼ਿਤ ਹੈ। ਆਮ ਲੋਕਾਂ ਵਿੱਚ ਸਮੇਂ ਦੀ ਧਾਰਨਾ ਬਾਬਤ ਇੱਕ ਮਹੱਤਵਪੂਰਨ ਬਦਲਾਅ ਆਇਆ ਹੈ। ਅੱਜ ਗੱਲ ਆਧੁਨਿਕ ਭੌਤਿਕਵਾਦੀ ਸੰਸਾਰ ਕੰਮਾਂ ਨੂੰ ਪੂਰਾ ਕਰਨ ਅਤੇ ਨੌਕਰੀਆਂ ਦਾ ਪ੍ਰਬੰਧ ਕਰਨ ਵਿੱਚ ਬੇਮਿਸਾਲ ਕੁਸ਼ਲਤਾ ਦਾ ਦਾਅਵਾ ਕਰਦਾ ਹੈ ਪਰ ਇਨ੍ਹਾਂ ਵਿਕਾਸਾਂ ਦੇ ਬਾਵਜੂਦ ਬਹੁਤ ਸਾਰੇ ਵਿਅਕਤੀ ਸਮੇਂ ਦੀ ਕਮੀ ਦੀ ਸ਼ਿਕਾਇਤ ਕਰਦੇ ਹਨ।

**ਕੰਮ ਦੀ ਤੇਜ਼ੀ**

ਪਿਛਲੇ ਕੁਝ ਦਹਾਕਿਆਂ ਵਿੱਚ ਤਕਨੀਕੀ ਨਵੀਨੀਕਰਨਾਂ ਨੇ ਸਾਡੇ ਕੰਮ ਕਰਨ ਦੇ ਢੰਗ ਨੂੰ ਬਦਲ ਦਿੱਤਾ ਹੈ। ਨਿੱਜੀ ਕੰਪਿਊਟਰਾਂ ਦੇ ਗਲਤੀ ਰਹਿਤ ਨਤੀਜ਼ਿਆਂ ਤੋਂ ਲੈ ਕੇ ਸਮਾਰਟਫੋਨਾਂ ਦੀ ਤੇਜ਼ੀ ਨੇ ਉਤਪਾਦਕਤਾ ਨੂੰ ਵਧਾਉਣ ਲਈ ਬਣਾਏ ਗਏ ਸੰਦ ਹੁਣ ਹਰ ਜਗ੍ਹਾ ਮੌਜੂਦ ਹਨ। ਉਦਾਹਰਣ ਵਜੋਂ ਈਮੇਲ ਨੇ ਪਰੰਪਰਾਗਤ ਹੱਥ ਲਿਖਤ ਡਾਕ ਦਾ ਸਥਾਨ ਲੈ ਲਿਆ ਹੈ ਅਤੇ ਆਧੁਨਿਕ ਵਿਗਿਆਨ ਦੀ ਇਹ ਕਾਢ ਦੁਨੀਆ ਭਰ ਵਿੱਚ ਤੁਰੰਤ ਸੰਚਾਰ ਦੀ ਆਗਿਆ ਦਿੰਦਾ ਹੈ। ਇਸ ਬਦਲਾਅ ਨੇ ਜਾਣਕਾਰੀ ਭੇਜਣ ਅਤੇ ਪ੍ਰਾਪਤ ਕਰਨ ਵਿੱਚ ਲੱਗਣ ਵਾਲੇ ਸਮੇਂ ਨੂੰ ਬਹੁਤ ਘਟਾ ਦਿੱਤਾ ਹੈ ਜਿਸ ਨਾਲ ਕਾਰੋਬਾਰਾਂ ਨੂੰ ਬਹੁਤ ਤੇਜ਼ੀ ਨਾਲ ਕੰਮ ਕਰਨ ਦੀ ਯੋਗਤਾ ਮਿਲੀ ਹੈ।

ਇਸ ਤੋਂ ਇਲਾਵਾ ਕੰਮ ਦੀ ਤੇਜੀ ਨਾਲ ਉੱਛਲੀ ਅਰਥਵਿਵਸਥਾ ਨੇ ਰੋਜ਼ਗਾਰ ਨੂੰ ਦੁਬਾਰਾ ਪਰਿਭਾਸ਼ਿਤ ਕੀਤਾ ਹੈ। ਅਰਥ ਵਿਵਸਥਾ ਵਿੱਚ ਤੇਜੀ ਨੇ ਵੱਖ-ਵੱਖ ਕੰਮਾਂ ਤੇ ਕਾਰਜਾਂ ਲਈ ਲਚਕੀਲੀਆਂ ਨੌਕਰੀਆਂ ਦੇ ਮੌਕੇ ਪ੍ਰਦਾਨ ਕੀਤੇ ਹਨ। ਸੰਸਾਰ ਦੀਆਂ ਕਈ ਨਾਮੀ ਕੰਪਨੀਆਂ ਨੇ ਵਿਅਕਤੀਆਂ ਨੂੰ ਇਕੱਠੇ ਕਈ ਨੌਕਰੀਆਂ ਕਰਨ ਦੀ ਆਗਿਆ ਦਿੱਤੀ ਹੈ ਜਿਸ ਨਾਲ ਉਹ ਆਪਣੇ ਆਰਥਿਕ ਵਿਕਾਸ ਦੀਆਂ ਸੰਭਾਵਨਾਵਾਂ ਨੂੰ ਵਧਾਉਂਦੇ ਹਨ ਅਤੇ ਪਰੰਪਰਾਗਤ ਨੌਕਰੀ ਖੋਜ 'ਤੇ ਲੱਗਣ ਵਾਲੇ ਸਮੇਂ ਨੂੰ ਘਟਾਉਂਦੇ ਹਨ।

**ਸਮੇਂ ਦੀ ਬਚਤ ਦਾ ਵਹਿਮ**

ਇਨ੍ਹਾਂ ਵਿਕਾਸਾਂ ਦੇ ਬਾਵਜੂਦ ਬਹੁਤ ਸਾਰੇ ਲੋਕ ਹੁਣ ਪਹਿਲਾਂ ਤੋਂ ਵੀ ਵੱਧ ਸਮੇਂ ਦੀ ਘਾਟ ਮਹਿਸੂਸ ਕਰਦੇ ਹਨ। ਮਨੋਵਿਗਿਆਨਿਕ ਸੰਸਥਾਵਾਂ ਦੁਆਰਾ ਕੀਤੇ ਗਏ ਕਈ ਸਰਵੇਖਣਾਂ ਨੇ ਦਰਸਾਇਆ ਕਿ 58% ਲੋਕ ਆਪਣੇ ਰੋਜ਼ਾਨਾ ਦੀ ਜ਼ਿੰਮੇਵਾਰੀ ਨਾਲ ਥੱਕੇ ਹੋਏ ਮਹਿਸੂਸ ਕਰਦੇ ਹਨ ਜਿਸ ਕਾਰਣ ਇਹ ਲੋਕ ਆਪਣੇ ਕੰਮ-ਜੀਵਨ ਦੀ ਸੰਤੁਸ਼ਟੀ ਤੋਂ ਅਸੰਤੁਸ਼ਟ ਹਨ।ਇਹ ਅੰਕੜੇ ਬਹੁਤ ਹੈਰਾਨੀ ਜਨਕ ਹਨ ਕਿ ਕੰਮਾਂ ਨੂੰ ਪੂਰਾ ਕਰਨ ਦੀ ਪ੍ਰਕਿਰਿਆ ਤੇਜ਼ ਅਤੇ ਆਸਾਨ ਹੋਣ ਦੇ ਬਾਵਜੂਦ ਇਨਸਾਨਾਂ ਕੋਲ ਸਮੇਂ ਦੀ ਘਾਟ ਹੁੰਦੀ ਜਾਂਦੀ ਹੈ।

ਇਸ ਕਿਰਿਆ ਨੂੰ ਕਈ ਕਾਰਨਾਂ ਨਾਲ ਜੋੜਿਆ ਜਾ ਸਕਦਾ ਹੈ। ਪਹਿਲਾਂ, ਤਕਨੀਕੀ ਤੌਰ 'ਤੇ ਹਮੇਸ਼ਾਂ-ਚਾਲੂ ਸੰਸਕਾਰ ਬਣਾਉਂਦੀ ਹੈ, ਜਿੱਥੇ ਵਿਅਕਤੀਆਂ ਦੀ ਉਮੀਦ ਕੀਤੀ ਜਾਂਦੀ ਹੈ ਕਿ ਉਹ ਰਾਤ ਦੇ ਸਮੇਂ ਵੀ ਉਪਲਬਧ ਰਹਿਣ। ਸਮਾਰਟਫੋਨਾਂ ਅਤੇ ਸੋਸ਼ਲ ਮੀਡੀਆ ਦੀ ਸੁਵਿਧਾ ਦਾ ਮਤਲਬ ਇਹ ਹੈ ਕਿ ਕੰਮ ਨਾਲ ਸਬੰਧਿਤ ਸੰਚਾਰ ਨਿੱਜੀ ਸਮੇਂ ਵਿੱਚ ਦਖਲ ਅੰਦਾਜ਼ੀ ਕਰ ਸਕਦਾ ਹੈ ਜੋ ਪੇਸ਼ੇਵਰ ਅਤੇ ਨਿੱਜੀ ਜੀਵਨ ਵਿਚਕਾਰ ਤੇ ਫਰਕ ਨੂੰ ਧੁੰਦਲਾ ਕਰਦਾ ਹੈ। ਆਧੁਨਿਕ ਸਮੇਂ ਦੇ ਅਧਿਐਨ ਨੇ ਦਰਸਾਇਆ ਕਿ 46% ਕਾਰਜਰਤ ਵੱਡੇ ਲੋਕ ਗੈਰ-ਕੰਮ ਸਮੇਂ ਦੌਰਾਨ ਕੰਮ ਦੇ ਈਮੇਲ ਜਾਂਚਦੇ ਹਨ ਜਿਸ ਨਾਲ ਥੱਕਾਵਟ ਅਤੇ ਦਬਾਅ ਮਹਿਸੂਸ ਹੁੰਦਾ ਹੈ।

ਇਸ ਤੋਂ ਇਲਾਵਾ ਅੱਜ ਦੇ ਸਮੇਂ ਵਿੱਚ ਉਪਲਬਧ ਵਿਕਲਪਾਂ ਦੀ ਸੰਖਿਆ ਫੈਸਲੇ ਦੀ ਥੱਕਾਵਟ ਦਾ ਕਾਰਨ ਬਣ ਸਕਦੀ ਹੈ। ਮਨੋਰੰਜਨ, ਖਾਣ-ਪੀਣ ਅਤੇ ਖਰੀਦਦਾਰੀ ਲਈ ਅਨੇਕ ਵਿਕਲਪਾਂ ਦੇ ਨਾਲ ਵਿਅਕਤੀ ਸ਼ਾਇਦ ਆਪਣੇ ਮਨਪਸੰਦ ਗਤੀਵਿਧੀਆਂ ਵਿੱਚ ਸ਼ਾਮਲ ਹੋਣ ਦੀ ਬਜਾਏ ਚੋਣ ਕਰਨ ਵਿੱਚ ਵੱਧ ਸਮਾਂ ਬਿਤਾਉਂਦੇ ਹਨ। ਉਪਰੋਕਤ ਤਜਰਬਿਆਂ ਤੋਂ ਪ੍ਰਗਟ ਹੁੰਦਾ ਹੈ ਕਿ ਵਿਅਕਤੀ ਬਿਨਾਂ ਕਿਸੇ ਕਾਰਜ ਦੇ ਮਾਨਸਿਕ ਥਕਾਵਟ ਮਹਿਸੂਸ ਕਰਦੇ ਹਨ ਅਤੇ ਇਸ ਦਾ ਨਤੀਜਾ ਸਮੇਂ ਦੀ ਘਾਟ ਬਣਦਾ ਹੈ।

**ਰੁੱਜੇ ਰਹਿਣ ਦੀ ਸੰਸਕਾਰ**

ਅੱਜ ਕੱਲ ਦੇ ਯੁੱਗ ਵਿੱਚ ਰੁੱਜੇ ਰਹਿਣ ਦੀ ਸਮਾਜਿਕ ਧਾਰਨਾ ਵੀ ਵਿਕਸਤ ਹੋਈ ਹੈ। ਕਈ ਸੰਸਕਾਰਾਂ ਵਿੱਚ ਰੁੱਜੇ ਰਹਿਣ ਨੂੰ ਸਫਲਤਾ ਅਤੇ ਉਤਪਾਦਕਤਾ ਨਾਲ ਜੋੜਿਆ ਜਾਂਦਾ ਹੈ। ਇਸ ਮਨੋਵਿਰਤੀ ਕਾਰਨ ਸਮਾਜ ਦੇ ਬਹੁਤ ਸਾਰੇ ਵਿਅਕਤੀਆਂ ਨੂੰ ਆਪਣੀਆਂ ਸ਼ਡਿਊਲਾਂ ਨੂੰ ਗਤੀਵਿਧੀਆਂ ਅਤੇ ਜ਼ਿੰਮੇਵਾਰੀਆਂ ਨਾਲ ਭਰਨਾ ਪੈਂਦਾ ਹੈ।

ਇਸ ਤੋਂ ਇਲਾਵਾ ਸੋਸ਼ਲ ਮੀਡੀਆ ਇਸ ਚੱਕਰ ਨੂੰ ਪੈਦਾ ਕਰਨ ਵਿੱਚ ਇੱਕ ਮਹੱਤਵਪੂਰਕ ਭੂਮਿਕਾ ਨਿਭਾਉਂਦੀ ਹੈ। ਇੰਸਟਾਗਰਾਮ ,ਫੇਸਬੁੱਕ ਅਤੇ ਟਵਿੱਟਰ ਜਿਹੇ ਪਲੇਟਫਾਰਮ ਜੀਵਨ ਸ਼ੈਲੀ ਨੂੰ ਕਾਫੀ ਰੁਝੇਵਿਆਂ ਭਰਿਆ ਦਰਸਾਉਂਦੇ ਹਨ। ਜਿਵੇਂ ਹੀ ਉਪਭੋਗਤਾ ਆਪਣੇ ਸਹਿਕਰਮੀ ਦੀਆਂ ਤਸਵੀਰਾਂ 'ਤੇ ਸਕ੍ਰੋਲ ਕਰਦੇ ਹਨ ਜੋ ਰਾਤ ਦੇ ਸਮੇਂ ਕੰਮ ਕਰ ਰਹੇ ਹਨ ਜਾਂ ਦੋਸਤ ਜਿਨ੍ਹਾਂ ਦੇ ਇਕੋਂ ਸਮੇਂ ਕਈ ਪ੍ਰੋਜੈਕਟਾਂ ਚੱਲ ਪਏ ਹਨ ਤਾਂ ਉਸ ਸਮੇਂ ਉਹਨਾਂ ਨੂੰ ਪਿੱਛੇ ਰਹਿਣ ਦਾ ਅਹਿਸਾਸ ਮਹਿਸੂਸ ਹੁੰਦਾ ਹੈ ਜਿਸ ਨਾਲ ਇੱਕ ਅੰਤਹਿਨ ਚੱਕਰ ਬਣ ਜਾਂਦਾ ਹੈ ਜੋ ਹੋਰ ਕਰਨ ਲਈ ਪ੍ਰੇਰਿਤ ਕਰਦਾ ਹੈ ਬਿਨਾਂ ਕਿਸੇ ਯੋਗ ਅਰਾਮ ਲਈ।

**ਇੱਕ ਤੇਜ਼ ਰਫ਼ਤਾਰ ਵਾਲੀ ਦੁਨੀਆ ਵਿੱਚ ਸੰਤੁਲਨ ਲੱਭਣਾ**

ਸੰਸਾਰ ਦੇ ਪ੍ਰਸਿੱਧ ਵਿਸ਼ਾ ਮਾਹਿਰਾਂ ਦਾ ਸੁਝਾਅ ਹੈ ਕਿ ਆਪਣੇ ਆਪ ਦੀ ਦੇਖਭਾਲ ਨੂੰ ਪ੍ਰਾਥਮਿਕਤਾ ਦੇਣਾ ਅਤੇ ਕੰਮ ਦੀ ਸੀਮਾ ਖੜੀ ਕਰਨਾ ਸਮੇਂ ਨੂੰ ਦੁਬਾਰਾ ਫੁਰਸਤ ਭਰਿਆ ਪ੍ਰਾਪਤ ਕਰਨ ਲਈ ਮਹੱਤਵਪੂਰਣ ਹੈ। ਮਾਈਂਡਫੁਲਨੈੱਸ ਅਭਿਆਸ ਜਿਵੇਂ ਕਿ ਧਿਆਨ ਅਤੇ ਯੋਗਾ ਦਬਾਅ ਘੱਟ ਕਰਨ ਅਤੇ ਧਿਆਨ ਵਧਾਉਣ ਲਈ ਪ੍ਰਭਾਵਸ਼ਾਲੀ ਸੰਦ ਬਣ ਗਏ ਹਨ।

ਇਸ ਤੋਂ ਇਲਾਵਾ ਸੰਸਾਰ ਭਰ ਦੇ ਕਈ ਸੰਗਠਨਾਂ ਨੇ ਕਰਮਚਾਰੀਆਂ ਦੀ ਭਲਾਈ ਦੇ ਮਹੱਤਵ ਨੂੰ ਸਮਝਣਾ ਸ਼ੁਰੂ ਕੀਤਾ ਹੈ। ਕਈ ਕੰਪਨੀਆਂ ਨੇ ਚਾਰ-ਦਿਨ ਦੇ ਕੰਮ ਦੇ ਹਫ਼ਤੇ ਅਤੇ ਅਸੀਮਿਤ ਛੁੱਟੀਆਂ ਦੀਆਂ ਨੀਤੀਆਂ ਲਾਗੂ ਕੀਤੀਆਂ ਹਨ ਤਾਂ ਜੋ ਇੱਕ ਚਿੰਤਾ ਮੁਕਤ ਕੰਮ-ਜੀਵਨ ਦਾ ਸੰਤੁਲਨ ਪ੍ਰੋਤਸਾਹਿਤ ਕੀਤਾ ਜਾ ਸਕੇ। ਇਹ ਪਹਿਲਕਾਰੀਆਂ ਨਾ ਸਿਰਫ ਕਰਮਚਾਰੀ ਦੀ ਸੰਤੁਸ਼ਟੀ ਨੂੰ ਸੁਧਾਰਦੀਆਂ ਹਨ ਪਰ ਕੁੱਲ ਉਤਪਾਦਕਤਾ ਨੂੰ ਵੀ ਵਧਾਉਂਦੀਆਂ ਹਨ।

ਸਾਡੇ ਭੌਤਿਕ ਸੰਸਾਰ ਵਿੱਚ ਸਮੇਂ ਦੇ ਘੱਟਣ ਵਾਲੀ ਧਾਰਨਾ ਚੁਣੌਤੀਆਂ ਅਤੇ ਮੌਕੇ ਦੋਹਾਂ ਪੈਦਾ ਕਰਦੀ ਹੈ। ਬੇਸ਼ੱਕ ਇਹ ਇੱਕ ਅਟੱਲ ਸੱਚਾਈ ਹੈ ਕਿ ਤਕਨੀਕੀ ਵਿਕਾਸ ਨੇ ਕੰਮਾਂ ਨੂੰ ਪੂਰਾ ਕਰਨ ਵਿੱਚ ਕੁਸ਼ਲਤਾ ਅਤੇ ਰਫ਼ਤਾਰ ਵਿੱਚ ਨਿਸ਼ਚਿਤ ਤੌਰ 'ਤੇ ਵਾਧਾ ਕੀਤਾ ਹੈ ਪ੍ਰੰਤੂ ਇਸ ਦੇ ਕੂ ਪ੍ਰਭਾਵ ਵਜੋਂ ਹਰੇਕ ਇਨਸਾਨ ਵਿੱਚ ਰੁੱਝੇ ਰਹਿਣ ਦੀ ਭਾਵਨਾ ਵੀ ਪੈਦਾ ਕੀਤੀ੍ਹੈ ਜੋ ਬਹੁਤ ਸਾਰੇ ਲੋਕਾਂ ਨੂੰ ਥੱਕਾਵਟ ਮਹਿਸੂਸ ਕਰਾਉਂਦੀ ਹੈ। ਅਜੋਕੇ ਯੁੱਗ ਦੇ ਵਿਅਕਤੀ ਅਤੇ ਸੰਗਠਨ ਇਸ ਤੇਜ਼ ਰਫ਼ਤਾਰ ਵਾਲੇ ਵਾਤਾਵਰਨ ਵਿੱਚ ਆਪਣੇ ਆਪ ਨੂੰ ਢਾਲਣ ਦੀ ਕੋਸ਼ਿਸ਼ ਕਰ ਰਹੇ ਹਨ। ਇਸ ਲਈ ਇਹ ਬਹੁਤ ਜ਼ਰੂਰੀ ਹੈ ਕਿ ਅਸੀਂ ਭਲਾਈ ਨੂੰ ਪ੍ਰਾਥਮਿਕਤਾ ਦੇਈਏ ਅਤੇ ਸਮੇਂ ਨਾਲ ਆਪਣੇ ਰਿਸ਼ਤੇ ਨੂੰ ਦੁਬਾਰਾ ਪਰਿਭਾਸ਼ਿਤ ਕਰੀਏ—ਇਹਨਾਂ ਨੂੰ ਦਬਾਅ ਦਾ ਸਰੋਤ ਬਣਾਉਣ ਦੀ ਬਜਾਏ ਖੁਸ਼ੀ ਅਤੇ ਆਨੰਦ ਦਾ ਰਾਹ ਬਣਾਉਣ ਵਾਲਾ।



**ਡਾ. ਸੁਰਿੰਦਰਪਾਲ ਸਿੰਘ**
**ਵਿਗਿਆਨ ਅਧਿਆਪਕ**
**ਸ੍ਰੀ ਅੰਮ੍ਰਿਤਸਰ ਸਾਹਿਬ**
**ਪੰਜਾਬ।**

# ਜੋ ਹੱਥ ਮਦਦ ਕਰਦੇ ਨੇ, ਉਹ ਓਹਨਾ ਬੁੱਲ੍ਹਾ ਨਾਲੋਂ ਚੰਗੇ ਨੇ ਜੋ ਸਿਰਫ਼ ਅਰਦਾਸ ਕਰਦੇ ਹਨ

ਜ਼ਿੰਦਗੀ ਵਿੱਚ ਅਸੀਂ ਅਕਸਰ ਸੁਣਦੇ ਹਾਂ ਕਿ "ਚੰਗਾ ਸੋਚੋ, ਚੰਗਾ ਹੋਵੇਗਾ," ਪਰ ਕਈ ਵਾਰ ਸਿਰਫ਼ ਸੋਚਣਾ ਜਾਂ ਅਰਦਾਸ ਕਰਨਾ ਕਾਫ਼ੀ ਨਹੀਂ ਹੁੰਦਾ। ਇਹ ਸੋਹਣੇ ਸ਼ਬਦ "ਜੋ ਹੱਥ ਮਦਦ ਕਰਦੇ ਨੇ, ਉਹ ਓਹਨਾ ਬੁੱਲ੍ਹਾ ਨਾਲੋਂ ਚੰਗੇ ਨੇ ਜੋ ਸਿਰਫ਼ ਅਰਦਾਸ ਕਰਦੇ ਹਨ" ਦਾ ਮੂਲ ਭਾਵ ਇਹੀ ਹੈ ਕਿ ਕਰਮ ਬੋਲਾਂ ਨਾਲੋਂ ਵੱਧ ਤਾਕਤਵਰ ਹੁੰਦੇ ਹਨ।ਅਰਦਾਸ ਕਰਨੀ ਚੰਗੀ ਗੱਲ ਹੈ—ਇਹ ਸਾਨੂੰ ਆਤਮਿਕ ਤੌਰ 'ਤੇ ਮਜ਼ਬੂਤੀ ਦਿੰਦੀ ਹੈ। ਪਰ ਜਦੋਂ ਕਿਸੇ ਨੂੰ ਸਾਡੀ ਹਕੀਕਤੀ ਮਦਦ ਦੀ ਲੋੜ ਹੁੰਦੀ ਹੈ, ਤਦੋਂ ਸਾਡੇ ਹੱਥ ਹੀ ਸਾਡੀ ਸੱਚੀ ਸ਼ਰਧਾ ਦਾ ਪਰਚਾ ਦਿੰਦੇ ਹਨ। ਮਦਦ ਕਰਨ ਨਾਲ ਅਸੀਂ ਨਾ ਸਿਰਫ਼ ਕਿਸੇ ਦੀ ਮੁਸ਼ਕਲ ਹਲ ਕਰਦੇ ਹਾਂ, ਸਗੋਂ ਇੱਕ ਮਨੁੱਖ ਹੋਣ ਦਾ ਫਰਜ਼ ਵੀ ਨਿਭਾਉਂਦੇ ਹਾਂ।

ਜ਼ਿੰਦਗੀ ਵਿੱਚ ਕਈ ਵਾਰ ਅਸੀਂ ਵੇਖਦੇ ਹਾਂ ਕਿ ਲੋਕ ਮੁਸੀਬਤ ਵਿੱਚ ਹੋਣ ਵਾਲੇ ਦੇ ਹਾਲਤਾਂ 'ਤੇ ਗੱਲਾਂ ਤਾਂ ਬਹੁਤ ਕਰਦੇ ਹਨ, ਪਰ ਮਦਦ ਕਰਨ ਲਈ ਅੱਗੇ ਘੱਟ ਆਉਂਦੇ ਹਨ। ਜਦੋਂ ਕੋਈ ਭੁੱਖਾ ਹੋਵੇ, ਉਸ ਲਈ ਅਰਦਾਸ ਕਰਨ ਨਾਲੋਂ ਉਸਨੂੰ ਰੋਟੀ ਖਿਲਾਉਣਾ ਵੱਡੀ ਸੇਵਾ ਹੈ। ਜਦੋਂ ਕੋਈ ਬਿਮਾਰ ਹੋਵੇ, ਉਸਦੇ ਲਈ ਅਰਦਾਸ ਦੇ ਨਾਲ, ਡਾਕਟਰ ਕੋਲ ਲੈ ਜਾਣਾ ਜਾਂ ਦਵਾਈ ਦਵਾਉਣਾ ਹੋਰ ਵੱਡਾ ਕੰਮ ਹੈ। ਕਰਮ ਬਿਨਾਂ ਅਰਦਾਸ ਅਧੂਰੀ ਹੈ, ਕਿਉਂਕਿ ਅਰਦਾਸ ਸਾਨੂੰ ਰਸਤਾ ਦਿਖਾਉਂਦੀ ਹੈ, ਪਰ ਮੰਜ਼ਿਲ ਤੱਕ ਸਾਡੇ ਕਰਮ ਹੀ ਲੈ ਕੇ ਜਾਂਦੇ ਹਨ। ਇਸ ਕਹਾਵਤ ਵਿੱਚ ਮਨੁੱਖਤਾ ਦਾ ਸੁੰਦਰ ਸਨੇਹਾ ਲੁਕਿਆ ਹੈ—ਦੁਨੀਆ ਬਦਲਦੀ ਹੈ ਚੰਗਿਆਂ ਹੱਥਾਂ ਨਾਲ, ਸਿਰਫ਼ ਚੰਗੀਆਂ ਗੱਲਾਂ ਨਾਲ ਨਹੀਂ। ਜਦੋਂ ਅਸੀਂ ਕਿਸੇ ਦੀ ਸੇਵਾ ਲਈ ਆਪਣਾ ਸਮਾਂ, ਮਿਹਨਤ ਅਤੇ ਪਿਆਰ ਦਿੰਦੇ ਹਾਂ, ਤਦੋਂ ਉਹ ਅਸਲ ਵਿੱਚ ਰੱਬੀ ਸੇਵਾ ਬਣ ਜਾਂਦੀ ਹੈ। ਸਾਨੂੰ ਸਭ ਨੂੰ ਚਾਹੀਦਾ ਹੈ ਕਿ ਅਰਦਾਸ ਵੀ ਕਰੀਏ, ਪਰ ਨਾਲ ਨਾਲ ਮਦਦ ਕਰਨ ਤੋਂ ਕਦੇ ਪਿੱਛੇ ਨਾ ਹਟੀਏ। ਸਿਰਫ਼ ਦਿਲ ਦੀ ਨੇਕੀ ਕਾਫ਼ੀ ਨਹੀਂ ਜੇ ਉਹ ਕਰਮਾਂ ਵਿੱਚ ਨਹੀਂ ਦਿਖਦੀ।

ਅਨੁਭਵ 1: ਮੇਰੇ ਜੀਵਨ ਵਿੱਚ ਸਿੱਖੇ ਇੱਕ ਸਬਕ ਨਾਲ ਜੁੜੀ ਘਟਨਾ -

ਮੇਰੇ ਨਾਲ ਇਕ ਸੱਚੀ ਘਟਨਾ ਜੁੜੀ ਹੈ, ਜੋ ਮੈਂ ਕਦੇ ਨਹੀਂ ਭੁੱਲ ਸਕਦਾ। ਇੱਕ ਵਾਰ ਸਰਦੀਆਂ ਵਿੱਚ ਮੈਂ ਸਵੇਰੇ ਸਕੂਲ ਜਾਣ ਲਈ ਨਿਕਲਿਆ। ਰਸਤੇ ਵਿੱਚ ਮੈਨੂੰ ਇੱਕ ਬਜ਼ੁਰਗ ਆਦਮੀ ਮਿਲਿਆ, ਜਿਸਦੇ ਸਾਈਕਲ ਦਾ ਟਾਇਰ ਪੰਚਰ ਸੀ। ਉਹ ਠੰਢ ਨਾਲ ਕੰਬ ਰਹੇ ਸੀ ਅਤੇ ਪੈਦਲ ਕਈ ਕਿਲੋਮੀਟਰ ਚੱਲਣ ਯੋਗ ਨਹੀਂ ਸਨ। ਉਹ ਹੌਲੀ ਹੌਲੀ ਰੱਬ ਨੂੰ ਸਿਮਰਦੇ ਜਾ ਰਹੇ ਸੀ ਤੇ ਕਹਿੰਦੇ, "ਹੇ ਰੱਬਾ, ਕਿਸੇ ਨੂੰ ਮੇਰੀ ਸਹਾਇਤਾ ਲਈ ਭੇਜ।" ਲੋਕ ਉਹਨਾਂ ਦੇ ਕੋਲੋਂ ਲੰਘ ਰਹੇ ਸਨ—ਕਈਆਂ ਨੇ "ਵਾਹਿਗੁਰੂ ਮੇਹਰ ਕਰੇ" ਕਹਿ ਕੇ ਚਲਾ ਜਾਣਾ ਹੀ ਚੰਗਾ ਸਮਝਿਆ। ਮੈਂ ਵੀ ਪਹਿਲਾਂ ਸੋਚਿਆ ਕਿ ਸਕੂਲ ਲਈ ਦੇਰ ਹੋ ਰਹੀ ਹੈ, ਪਰ ਫਿਰ ਅੰਦਰੋਂ ਇਕ ਆਵਾਜ਼ ਆਈ— "ਅਰਦਾਸ ਤਦੋਂ ਹੀ ਕਬੂਲ ਹੁੰਦੀ ਹੈ ਜਦੋਂ ਅਸੀਂ ਵੀ ਕਿਸੇ ਦੀ ਅਰਦਾਸ ਦਾ ਜਵਾਬ ਬਣੀਏ।" ਮੈਂ ਰੁਕਿਆ, ਉਹਨਾਂ ਦੀ ਸਾਈਕਲ ਚੁੱਕ ਕੇ ਨੇੜਲੇ ਮਕੈਨਿਕ ਕੋਲ ਲੈ ਗਿਆ, ਆਪਣੀ ਜੇਬ ਤੋਂ ਪੈਸੇ ਦੇ ਕੇ ਉਹਨਾਂ ਦਾ ਸਾਇਕਲ ਠੀਕ ਕਰਵਾਇਆ। ਬਜ਼ੁਰਗ ਦੀਆਂ ਅੱਖਾਂ ਵਿੱਚ ਖੁਸ਼ੀ ਦੇ ਅੱਥਰੂ ਆ ਗਏ। ਉਹਨਾਂ ਨੇ ਕਿਹਾ—"ਪੁੱਤ, ਤੇਰੇ ਵਰਗੇ ਹੀ ਹੱਥ ਰੱਬ ਦਾ ਅਸਲੀ ਰੂਪ ਹੁੰਦੇ ਨੇ।" ਉਸ ਦਿਨ ਮੈਨੂੰ ਸਮਝ ਆਇਆ ਕਿ ਮਦਦ ਕਰਨ ਵਾਲੇ ਹੱਥਾਂ ਦੀ ਕਦਰ ਕਿੰਨੀ ਵੱਡੀ ਹੈ। ਉਹ ਬਜ਼ੁਰਗ ਸ਼ਾਇਦ ਮੇਰੇ ਲਈ ਅਰਦਾਸ ਕਰਦੇ ਹੋਏ ਚਲੇ ਗਏ, ਪਰ ਮੇਰੇ ਲਈ ਉਹ ਦਿਨ ਜ਼ਿੰਦਗੀ ਦਾ ਵੱਡਾ ਸਬਕ ਬਣ ਗਿਆ।

ਅਰਦਾਸ ਸਾਨੂੰ ਆਤਮਿਕ ਤਾਕਤ ਦਿੰਦੀ ਹੈ, ਪਰ ਦੁਨੀਆ ਨੂੰ ਚਲਾਉਣ ਵਾਲਾ ਤੱਤ ਕਰਮ ਹੈ। ਭੁੱਖੇ ਨੂੰ ਖਾਣਾ ਦੇਣਾ, ਮਰੀਜ਼ ਨੂੰ ਦਵਾਈ ਪਹੁੰਚਾਉਣਾ, ਬਜ਼ੁਰਗ ਨੂੰ ਹੱਥ ਫੜ ਕੇ ਸੜਕ ਪਾਰ ਕਰਵਾਉਣਾ—ਇਹ ਸਭ ਅਸਲ ਮਨੁੱਖਤਾ ਹੈ। ਅਰਦਾਸ ਰੱਬ ਤੱਕ ਪਹੁੰਚਦੀ ਹੈ, ਪਰ ਮਦਦ ਜ਼ਰੂਰਤਮੰਦ ਦੇ ਦਿਲ ਤੱਕ ਪਹੁੰਚਦੀ ਹੈ। ਅਸੀਂ ਅਰਦਾਸ ਵੀ ਕਰੀਏ, ਪਰ ਮਦਦ ਕਰਨ ਦੇ ਮੌਕੇ ਨੂੰ ਕਦੇ ਹੱਥੋਂ ਨਾ ਜਾਣ ਦੇਈਏ। ਦੁਨੀਆ ਬੋਲਾਂ ਨਾਲ ਨਹੀਂ, ਸੇਵਾ ਨਾਲ ਸੁੰਦਰ ਬਣਦੀ ਹੈ। ਕਈ ਵਾਰ ਅਸੀਂ ਕਿਸੇ ਦੀ ਜ਼ਿੰਦਗੀ ਵਿੱਚ ਰੱਬ ਵਲੋਂ ਭੇਜੇ ਹੋਏ ਜਵਾਬ ਬਣਦੇ ਹਾਂ—ਬਸ ਅਸੀਂ ਆਪਣੇ ਹੱਥ ਅੱਗੇ ਵਧਾਉਣ ਦੀ ਹਿੰਮਤ ਕਰੀਏ।

ਅਨੁਭਵ 2 : ਇੱਕ ਬੱਸ ਸਟੈਂਡ 'ਤੇ ਦੇਖਿਆ ਦ੍ਰਿਸ਼ ਸੱਚੀ ਮਦਦ ਦੀ ਮਿਸਾਲ

ਇੱਕ ਵਾਰ ਮੈਂ ਬੱਸ ਸਟੈਂਡ 'ਤੇ ਖੜਾ ਸੀ। ਮੀਂਹ ਪੈ ਰਿਹਾ ਸੀ ਅਤੇ ਲੋਕ ਆਪਣੀ-ਆਪਣੀ ਥਾਂ ਬਚਾਉਣ ਦੀ ਕੋਸ਼ਿਸ਼ ਕਰ ਰਹੇ ਸਨ।

ਅਚਾਨਕ ਇੱਕ ਬਜ਼ੁਰਗ ਔਰਤ ਪੈਰ ਫਿਸਲਣ ਕਾਰਨ ਡਿੱਗ ਗਈ। ਕੁਝ ਲੋਕ ਦੂਰੋਂ ਵੇਖ ਕੇ ਕਹਿਣ ਲੱਗੇ: "ਵਾਹਿਗੁਰੂ ਭਲੀ ਕਰੇ… ਕੋਈ ਚੁੱਕ ਦੇਵੇ।" ਪਰ ਕੋਈ ਅੱਗੇ ਨਹੀਂ ਵਧਿਆ। ਇਸੇ ਦੌਰਾਨ ਇੱਕ ਨੌਜਵਾਨ ਮੁੰਡਾ, ਜਿਸਦੇ ਕੱਪੜੇ ਵੀ ਭਿੱਜੇ ਹੋਏ ਸਨ, ਤੁਰ ਕੇ ਗਿਆ, ਔਰਤ ਨੂੰ ਚੁੱਕਿਆ, ਉਸਨੂੰ ਲਿਜਾ ਕੇ ਸੁੱਕੀ ਥਾਂ ਬਿਠਾਇਆ, ਉਸ ਲਈ ਪਾਣੀ ਲਿਆਂਦਾ। ਬਾਕੀ ਲੋਕ ਤਾਂ ਸਿਰਫ਼ "ਭੈਣ ਜੀ ਠੀਕ ਹੋ" ਕਹਿ ਰਹੇ ਸਨ, ਪਰ ਮਦਦ ਉਹਦੇ ਹੱਥਾਂ ਨੇ ਕੀਤੀ। ਬਜ਼ੁਰਗ ਔਰਤ ਨੇ ਰੋਂਦਿਆਂ ਕਿਹਾ : "ਪੁੱਤ, ਤੇਰੇ ਵਰਗੇ ਲੋਕਾਂ ਕਰਕੇ ਹੀ ਦੁਨੀਆਂ ਚੱਲ ਰਹੀ ਹੈ।" ਇਸ ਘਟਨਾ ਨੇ ਸਿਖਾਇਆ ਕਿ ਮਦਦ ਸਿਰਫ਼ ਬਾਣੀ ਪੜ੍ਹਨ/ਅਰਦਾਸ ਕਰਨ ਨਾਲ ਨਹੀਂ ਹੁੰਦੀ—ਉਹ ਹੱਥ ਅੱਗੇ ਵਧਾਉਣ ਨਾਲ ਹੁੰਦੀ ਹੈ।

ਅਨੁਭਵ 3 : ਸਕੂਲ ਵਿੱਚ ਦੇਖਿਆ ਇੱਕ ਸੁੰਦਰ ਉਦਾਹਰਣ

ਸਾਡੇ ਸਕੂਲ ਵਿੱਚ ਇੱਕ ਬੱਚਾ ਸੀ—ਰੋਹਿਤ। ਉਹ ਆਰਥਿਕ ਤੌਰ 'ਤੇ ਕਮਜ਼ੋਰ ਪਰ ਬਹੁਤ ਹੁਸ਼ਿਆਰ, ਟੈਲੇਂਟਡ ਸੀ। ਮੁਕਾਬਲੇ ਲਈ ਇੱਕ ਪ੍ਰੋਜੈਕਟ ਬਣਾਉਣਾ ਸੀ, ਪਰ ਉਸ ਕੋਲ ਚਾਰਟ, ਰੰਗ, ਜਾਂ ਸਮੱਗਰੀ ਨਹੀਂ ਸੀ। ਕਈ ਬੱਚਿਆਂ ਨੇ ਕਿਹਾ, "ਰੋਹਿਤ, ਚਿੰਤਾ ਨਾ ਕਰ। ਵਾਹਿਗੁਰੂ ਸਭ ਚੰਗਾ ਕਰੇਗਾ।" ਪਰ ਕੋਈ ਵੀ ਪ੍ਰੈਕਟੀਕਲੀ ਉਸਦਾ ਸਾਥ ਨਹੀਂ ਦੇ ਰਿਹਾ ਸੀ। ਕਲਾਸ ਦੀ ਇੱਕ ਕੁੜੀ ਨੇਹਾ ਨੇ ਇਹ ਸਾਰਾ ਵੇਖਿਆ। ਉਸ ਨੇ ਆਪਣੀ ਵੱਲੋਂ ਸਮੱਗਰੀ ਲਿਆ ਕੇ ਰੋਹਿਤ ਨੂੰ ਦਿੱਤੀ ਅਤੇ ਉਸ ਨਾਲ ਬੈਠ ਕੇ ਪ੍ਰੋਜੈਕਟ ਬਣਵਾਇਆ। ਅੰਤ ਵਿੱਚ ਪ੍ਰੋਜੈਕਟ ਨੇ ਪਹਿਲਾ ਇਨਾਮ ਹਾਸਲ ਕੀਤਾ। ਉਸ ਸਮੇਂ ਕਲਾਸ ਟੀਚਰ ਨੇ ਇੱਕ ਲਾਈਨ ਕਹੀ ਜੋ ਸਭ ਦੇ ਦਿਲ ਵਿੱਚ ਬੈਠ ਗਈ : "ਰੋਹਿਤ ਨੇ ਜਿੱਤ ਪ੍ਰੋਜੈਕਟ ਦੀ ਕੀਤੀ ਹੈ, ਪਰ ਨੇਹਾ ਨੇ ਜਿੱਤ ਮਨੁੱਖਤਾ ਦੀ ਕੀਤੀ ਹੈ।" ਇਹ ਸਾਬਤ ਹੋਇਆ ਕਿ ਕਈ ਵਾਰ ਇੱਕ ਛੋਟੀ ਮਦਦ ਕਿਸੇ ਦੀ ਜ਼ਿੰਦਗੀ ਬਦਲ ਸਕਦੀ ਹੈ।

ਅੰਤ ਵਿੱਚ, ਇਨਸਾਨੀਅਤ ਦੇ ਸਫ਼ਰ ਵਿੱਚ ਉਹੀ ਮਹਾਨ ਹੁੰਦੇ ਹਨ, ਜਿਨ੍ਹਾਂ ਦੇ ਹੱਥ ਮਦਦ ਲਈ ਅੱਗੇ ਵਧਦੇ ਹਨ। ਬੋਲਾਂ ਨਾਲ ਦੁਨੀਆ ਨਹੀਂ ਬਦਲਦੀ, ਪਰ ਮਦਦ ਕਰਨ ਵਾਲੇ ਹੱਥ ਸਭ ਕੁਝ ਬਦਲ ਸਕਦੇ ਹਨ। ਅਰਦਾਸ ਰੂਹ ਨੂੰ ਪਵਿੱਤਰ ਕਰਦੀ ਹੈ, ਪਰ ਸੇਵਾ ਸਾਨੂੰ ਮਨੁੱਖ ਬਣਾਉਂਦੀ ਹੈ। ਅਸੀਂ ਸਭ ਅਰਦਾਸ ਵੀ ਕਰੀਏ, ਪਰ ਮਦਦ ਕਰਨ ਦਾ ਮੌਕਾ ਕਦੇ ਵੀ ਹੱਥੋਂ ਨਾ ਜਾਣ ਦੇਈਏ। ਕਈ ਵਾਰ ਅਸੀਂ ਕਿਸੇ ਹੋਰ ਦੀ ਕਬੂਲ ਹੋਈ ਅਰਦਾਸ ਦਾ ਜਵਾਬ ਹੁੰਦੇ ਹਾਂ। ਉਮੀਦ ਕਰਦਾ ਹਾਂ ਕਿ ਅਸੀਂ ਸਾਰੇ ਇਹਨਾਂ ਗੱਲਾਂ ਨੂੰ ਸਮਝਦੇ ਹੋਏ, ਜ਼ਿੰਦਗੀ ਦੇ ਅਸਲ ਮਾਇਨੇ ਸਮਝ ਕੇ ਇੱਕ ਦੂਜੇ ਦਾ ਸਾਥ ਦਿੰਦੇ ਹੋਏ, ਜ਼ਿੰਦਗੀ ਨੂੰ ਸੁਖਾਲਾ ਬਣਾ ਸਕੀਏ।

ਤਹਿ ਦਿਲੋਂ ਧੰਨਵਾਦ



**ਅਵਤਾਰ ਸਿੰਘ**
**ਅੰਗਰੇਜ਼ੀ ਮਾਸਟਰ**
**ਕਪੂਰਥਲਾ**
**7986364129**



Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition


# ਸਾਡੇ DIGITAL MEDIA ਨਾਲ ਜੁੜੋ

ਸਾਨੂੰ ਫੇਸਬੁੱਕ ਤੇ ਲਾਇਕ ਕਰੋ

facebook
samajweekly

ਸਾਨੂੰ ਐਕਸ ਤੇ ਫੌਲੋ ਕਰੋ

X @samajweekly

## ਸਾਡੇ ਵਟਸਐੱਪ ਨਾਲ ਜੁੜੋ ਅਤੇ ਪਾਓ ਸਾਹਿਤ ਜਗਤ ਅਤੇ ਦੇਸ਼ ਦੁਨੀਆ ਨਾਲ ਜੁੜੀਆਂ ਬੇਹਤਰੀਨ ਖਬਰਾਂ




ਨਾਲ ਹੀ ਪਾਓ ਸਮਾਜ ਵੀਕਲੀ ਅਖਬਾਰ ਦਾ ਰੋਜਾਨਾ PDF ਉਹ ਵੀ ਬਿਲਕੁਲ ਮੁੱਫਤ

ਅਖਬਾਰ ਵਿੱਚ ਇਸ਼ਤਿਹਾਰ ਦੇਣ ਲਈ ਅਤੇ ਵੈਬਸਾਈਟ ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

+44 7878 456484
email:-Samajweekly@gmail.com